# ਆਤਮਿਕ ਝਲਕਾਂ

ਪਹਿਲੀ ਝਲਕ

ਦੂਜੀ ਝਲਕ

ਵਲੋਂ

ਸਵਾਮੀ ਯੋਗੇਸ਼ਵਰ ਅਨੰਦ ਸਰਸਵਤੀ

# ਪਹਿਲੀ ਝਲਕ

ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚ ਸ੍ਰਿਸ਼ਟੀ ਦੀ ਹਰ ਜਾਨਦਾਰ ਵਸਤੂ ਵਿਚ ਪਰਮਾਤਮਾ ਦੀ ਜੋਤ ਦੀ ਹੋਂਦ ਨੂੰ ਸਵੀਕਾਰਿਆ ਗਿਆ ਹੈ। ਪਰ ਇਸ ਜੋਤ ਦੇ ਦਰਸ਼ਨ ਮਨੁੱਖ ਆਪਣੀ ਦੁਨਿਆਵੀ ਅੱਖ ਨਾਲ ਨਹੀਂ ਕਰ ਸਕਦਾ, ਤੇ ਇਸ "ਪਵਿੱਤਰ ਆਤਮਿਕ ਜੋਤ" ਦੇ ਦਰਸ਼ਨ ਕਰਨਾ ਮੇਰਾ ਮਨ-ਪਸੰਦ ਵਿਸ਼ਾ ਰਿਹਾ ਹੈ। ਇਸ ਦੀ ਭਾਲ ਵਿਚ ਹੀ ਮੈਨੂੰ ਕਈ ਈਸਾਈ ਸਮਾਗਮਾਂ ਵਿਚ ਹਿੱਸਾ ਲੈਣਾ ਪਿਆ। ਅਜ ਵੀ ਜੇ ਮੈਨੂੰ ਕੋਈ ਦੱਸੇ ਕਿ ਫਲਾਣੀ ਜਗ੍ਹਾ ਆਤਮਿਕ ਸੰਗਤ ਹੋ ਰਹੀ ਹੈ, ਤਾਂ ਮੈਂ ਭੱਜ ਕੇ ਉਥੇ ਪਹੁੰਚ ਜਾਵਾਂਗਾ।

ਮੇਰੇ ਮਨ ਵਿਚ ਆਇਆ, ਇਸ ਜੋਤ ਦੇ ਕਿਸੇ ਉੱਚੀ ਆਤਮਾ ਵਿਚ ਪ੍ਰਤੱਖ ਦਰਸ਼ਨ ਕੀਤੇ ਜਾਣ। ਕਈ ਥਾਵਾਂ ਤੋਂ ਨਿਰਾਸਤਾ ਪ੍ਰਾਪਤ ਕਰਨ ਉਪਰੰਤ. ਅੰਤ ਮੈਨੂੰ ਆਪਣੇ ਨਵੇਂ ਬਣੇ ਮਿੱਤਰ ਵਲੋਂ ਇਕ ਸਿੱਖ ਸਮਾਗਮ 'ਚ ਸ਼ਾਮਲ ਹੋਣ ਦਾ ਸੱਦਾ ਮਿਲਿਆ, ਜੋ ਮਾਰਚ ਦੇ ਅਖੀਰਲੇ ਤੇ ਅਪ੍ਰੈਲ 1979 ਦੇ ਪਹਿਲੇ ਹਫ਼ਤੇ ਪਿੰਡ ਦੋਦੜਾ ਵਿਚ ਹੋਣਾ ਸੀ। ਪਹਿਲਾਂ ਕਦੀ ਇਸ ਦਾ ਨਾਮ ਵੀ ਸੁਣਨ ਵਿਚ ਨਹੀਂ ਸੀ ਆਇਆ, ਇਹ ਪਿੰਡ ਪੰਜਾਬ ਦੇ ਜ਼ਿਲਾ ਬਠਿੰਡਾ ਵਿਚ ਹੈ।

ਇਹ ਸਮਾਗਮ ਉਨ੍ਹਾਂ ਲੋਕਾਂ ਦੁਆਰਾ ਰਚਿਆ ਗਿਆ ਸੀ ਜੋ ਕਿਸੇ ਸਿਆਸੀ, ਸਮਾਜੀ ਜਾਂ ਧਾਰਮਕ ਪਾਰਟੀ ਨਾਲ ਸੰਬੰਧ ਨਹੀਂ ਰਖਦੇ। ਉਨ੍ਹਾਂ ਦਾ ਸੰਬੰਧ ਹੈ, ਤਾਂ ਬਸ 'ਨਾਨਕ ਜੋਤ' ਨਾਲ, ਜਾਂ ਕਹਿ ਲਵੋ ਕਿ 'ਰੱਬ' ਨਾਲ ਹੈ, ਜੋ ਕਿ 'ਨਾਨਕ' ਰੂਪ ਹੈ। ਇਸ ਗੱਲ ਨੇ ਹੀ ਮੇਰੇ ਅੰਦਰ ਉਥੇ ਜਾਣ ਦੀ ਲਗਨ ਪੈਦਾ ਕੀਤੀ। ਮੈਂ ਇਹ ਸੋਚ ਕੇ ਬੱਸ ਤੇ ਚੜ੍ਹਿਆ ਕਿ ਜਲਦੀ ਹੀ ਵਾਪਸ ਆ ਜਾਵਾਂਗਾ। ਪਰ ਉਥੇ ਪਹੁੰਚ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਮੈਂ ਵੇਖਿਆ ਕਿ ਜਿੰਨੇ ਵੀ ਲੋਕ ਉਥੇ ਸਨ, ਉਨ੍ਹਾਂ ਵਿਚ ਅਨਪੜ੍ਹ ਤੇ ਮਾਮੂਲੀ ਸਿਪਾਹੀ ਤੋਂ ਲੈ ਕੇ ਪੀ. ਐਚ-ਡੀ. ਤਕ ਪੜ੍ਹੇ ਲਿਖੇ ਸੱਜਣ, ਫ਼ੌਜੀ ਜਰਨੈਲ ਅਤੇ ਕਈ ਹੋਰ ਅਫ਼ਸਰ ਵੀ ਸ਼ਾਮਲ ਸਨ। ਦੂਜੀ ਗੱਲ ਇਹ ਸੀ, ਕਿ ਉਨ੍ਹਾਂ ਵਿਚੋਂ ਕਿਸੇ ਕੋਲ ਵੀ ਟ੍ਰਾਂਜ਼ਿਸਟਰ ਜਾਂ ਪੜ੍ਹਨ ਲਈ ਅਖ਼ਬਾਰ ਤਕ ਨਹੀਂ ਸੀ, ਉਥੇ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਹੁੰਦੀ ਸੀ।

ਸਭ ਸੱਜਣਾਂ ਦੇ ਚਿਹਰਿਆਂ ਤੇ ਸ਼ਾਂਤਮਈ ਖ਼ੁਸ਼ੀ ਤੇ ਚਾਅ ਚਮਕ ਰਿਹਾ ਸੀ, ਜੋ ਸਿੱਧਾ ਉਨ੍ਹਾਂ ਦੀ ਆਤਮਾ 'ਚੋਂ ਨਿਕਲ ਰਿਹਾ ਸੀ। ਸੋ ਮੈਂ ਝਟਪਟ ਹੀ ਜਾਣ ਗਿਆ ਕਿ ਜੇ ਕਿਤੇ ਸੱਚਾ ਸੁੱਚਾ ਪਿਆਰ ਮੌਜੂਦ ਹੈ, ਤਾਂ ਇਥੇ ਇਨ੍ਹਾਂ ਵਿਚ ਹੀ ਹੈ। ਮੈਂ ਮਹਿਸੂਸ

ਕੀਤਾ ਕਿ ਇਥੇ ਕੁਝ ਹੋਰ ਘੰਟੇ ਬਤੀਤ ਕਰਨਾ ਲਾਹੇਵੰਦ ਹੋਵੇਗਾ । ਪਰ ਉਹ ਕੁਝ ਘੰਟੇ, ਲੰਬੇ ਹੁੰਦੇ ਹੁੰਦੇ 15 ਦਿਨ ਬਣ ਗਏ । ਇਹ ਸਮਾਂ ਇਥੇ ਆਏ ਗੁਰਸਿੱਖਾਂ ਨੇ ਭਗਤੀ ਤੇ ਕੀਰਤਨ ਦਾ ਨੀਯਤ ਕੀਤਾ ਹੋਇਆ ਸੀ । ਇਨ੍ਹਾਂ 15 ਦਿਨਾਂ ਵਿਚ ਮੈਨੂੰ ਇਕ ਤਰ੍ਹਾਂ ਦੀ ਅਧਿਆਤਮਕ ਸੋਝੀ ਅਤੇ ਜੀਵਨ ਦਾ ਹਰ ਇਕ ਪਲ ਸਫਲਾ ਕਰਨ ਦਾ ਗਿਆਨ ਹੋਇਆ, ਜੋ ਕਿ ਮਨੁੱਖੀ ਜੀਵਨ ਦਾ ਅਸਲੀ ਮਨੋਰਥ ਹੈ ।

ਵਾਪਸ ਆਪਣੇ ਡੇਰੇ ਪੁਜਣ ਤੇ ਮੈਂ ਆਪਣੇ ਪ੍ਰਾਰਥਨਾ-ਕਮਰੇ ਵਿਚ ਬੈਠ ਗਿਆ, ਤੇ ਗੁਜਰੇ ਹੋਏ ਸੁਹਾਵਣੇ 15 ਦਿਨਾਂ ਦੇ ਸਮੇਂ ਤੇ ਨਜ਼ਰ ਮਾਰੀ । ਉਸ ਚਾਰ ਦੀਵਾਰੀ ਅੰਦਰ ਮੈਂ ਉਹ ਸਮਾਂ ਇੰਜ ਗੁਜ਼ਾਰਿਆ ਜਿਵੇਂ ਕੋਈ ਪਿਆਸਾ ਰੇਗਿਸਤਾਨ ਵਿਚ ਸ਼ੀਤਲ ਚਸ਼ਮੇ ਦੇ ਕੰਢੇ ਗੁਜ਼ਾਰਦਾ ਹੈ, ਜਾਂ ਸਮੁੰਦਰ ਵਿਚ ਡੁੱਬ ਰਹੇ ਪ੍ਰਾਣੀ ਨੂੰ ਜਗਮੱਗਾ ਦੇਣ ਵਾਲਾ ਇਕ ਟਾਪੂ ਮਿਲ ਜਾਂਦਾ ਹੈ । ਮੈਂ ਉਨ੍ਹਾਂ ਅਲੌਕਿਕ, ਆਤਮਿਕ ਨਜ਼ਾਰਿਆਂ ਨੂੰ ਯਾਦ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ, ਜੋ ਮੈਂ ਉਥੇ ਦੇਖੇ ਸਨ । ਮੈਨੂੰ ਉਥੇ ਇੰਜ ਮਹਿਸੂਸ ਹੋਇਆ ਕਿ ਜਿਵੇਂ **ਸਮਾਂ ਖੜ੍ਹ ਗਿਆ ਹੋਵੇ**, ਤੇ 15 ਦਿਨ, 15 ਘੰਟਿਆਂ ਵਾਂਗ ਲਗੇ । ਇਨ੍ਹਾਂ 15 ਦਿਨਾਂ ਵਿਚ ਸਾਡੇ 'ਚੋਂ ਕਿਸੇ ਨੂੰ ਵੀ ਇਹ ਸੋਚ ਨਹੀਂ ਆਈ ਕਿ ਇਸ ਤੋਂ ਬਾਹਰ ਵੀ ਕੋਈ ਦੁਨੀਆਂ ਹੈ ।

ਹਰ ਰੋਜ਼ 15-20 ਦੇ ਕਰੀਬ ਨਵੀਂ ਸੰਗਤ ਦੇਸ਼ ਤੇ ਵਿਦੇਸ਼ਾਂ ਤੋਂ ਆਉਂਦੀ ਹੀ ਰਹੀ, ਇਥੇ ਕਿਸੇ ਨੇ ਬਾਹਰਲੀ ਗੱਲ ਤਾਂ ਕੀ ਕਰਨੀ ਸੀ, ਮੈਂ ਆਪ ਹੀ ਬਾਹਰਲੀ ਦੁਨੀਆਂ ਨਾਲੋਂ ਬਿਲਕੁੱਲ ਅਲੱਗ ਹੋ ਗਿਆ । ਇਥੋਂ ਤਕ ਕਿ ਪਲ ਭਰ ਲਈ ਵੀ ਮੇਰੇ ਮਨ ਵਿਚ ਬਾਹਰਲੀ ਦੁਨੀਆਂ ਬਾਰੇ ਕੋਈ ਸੋਚ ਨਹੀਂ ਆਈ ।

ਪਿਆਰਿਓ ! ਮੈਨੂੰ ਇਹ ਯਕੀਨ ਨਹੀਂ ਆਉਂਦਾ, ਪਰ ਇਹ ਸੱਚ ਹੈ । ਇਥੋਂ ਤਕ ਸੱਚ ਹੈ, ਕਿ ਜੋ ਆਦਮੀ ਨਾਲ ਦੇ ਸ਼ਹਿਰ, ਜੋ ਕਿ ੭ ਕਿਲੋ ਮੀਟਰ ਤੇ ਸੀ, ਸਬਜ਼ੀ ਵਗੈਰਾ ਜਾਂ ਹੋਰ ਕੋਈ ਜ਼ਰੂਰੀ ਚੀਜ਼ਾਂ ਲੈਣ ਜਾਂਦਾ, ਉਹ ਨਾ ਤਾਂ ਆਪ ਤੇ ਨਾ ਹੀ ਕਿਸੇ ਸਾਥੀ ਦੇ ਕਹਿਣ ਤੇ ਕੋਈ ਬਾਹਰਲੀ ਖ਼ਬਰ ਲਿਆਉਂਦਾ ।

ਮੈਂ ਯਾਦ ਕਰ ਕਰ ਕੇ ਹੈਰਾਨ ਹੋ ਰਿਹਾ ਹਾਂ ! ਮੈਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਮੈਂ ਆਪਣੇ ਆਪ ਨੂੰ ਮੂਰਖ ਕਹਾਂ ਜਾਂ ਹੈਰਾਨ ਹੋਵਾਂ, ਕਿ ਕਿਵੇਂ ਮੇਰੇ ਜਿਹਾ ਅਟੰਕ ਰਹਿਣ ਵਾਲਾ ਵਿਅਕਤੀ, ਉਸ ਸੰਗਤ ਵਿਚ ਇਤਨਾ ਗੁੰਮ ਹੋ ਗਿਆ । ਹਾਂ, ਮੈਨੂੰ ਇਤਨਾ ਜ਼ਰੂਰ ਯਾਦ ਹੈ ਕਿ ਮੈਂ ਦੋਦੜੇ ਪਿੰਡ, ਜੋ ਕਿ ਬੁਢਲਾਡਾ ਤੋਂ ਸੁਨਾਮ ਜਾਣ ਵਾਲੀ ਸੜਕ ਤੇ ਹੈ, ਬੱਸ ਰਾਹੀਂ ਪਹੁੰਚਿਆ ।

ਉਸ ਇਕਾਂਤ ਸਥਾਨ ਤੇ ਮੈਂ **ਨਿਮਰਤਾ ਅਤੇ ਚਾਉ ਭਰੇ ਚਿਹਰੇ ਵੇਖੇ**, ਜਿਨ੍ਹਾਂ ਚਿਹਰਿਆਂ ਤੇ ਉਥੇ ਪਹੁੰਚਣ ਦੀ ਖੁਸ਼ੀ ਲਿਸ਼ਕਾਂ ਮਾਰ ਰਹੀ ਸੀ । ਉਹ ਸਾਰੇ ਹੀ ਚੁਪ ਤੇ ਪ੍ਰਸੰਨ-ਚਿਤ ਸਨ ਤੇ ਰਸਤੇ ਵਿਚ ਹੋਈਆਂ ਤਕਲੀਫ਼ਾਂ ਦਾ ਜ਼ਿਕਰ ਤਕ ਨਹੀਂ ਸੀ ਕਰ

ਰਹੇ, ਅਤੇ ਸਭ ਦਾ ਧਿਆਨ ਤੇ ਸੋਚਣ-ਸ਼ਕਤੀ ਦੁਨਿਆਵੀ ਵਿਚਾਰਾਂ ਤੋਂ ਟੁਟ ਕੇ, ਉਸ ਸਰਬ-ਸ਼ਕਤੀਮਾਨ ਪਰਮਾਤਮਾ ਵੱਲ ਲਗੀ ਹੋਈ ਸੀ।

ਜਦੋਂ ਮੈਂ ਅੱਖਾਂ ਝਮਕੀਆਂ ਤਾਂ ਮੈਨੂੰ ਨਜ਼ਰ ਆਇਆ ਕਿ ਇਹ ਇਕੱਠ ਸਾਰਿਆਂ ਤੋਂ ਨਿਰਾਲਾ ਸੀ, ਜਿਹੜਾ ਕਿ ਮੈਂ ਅਜ ਤਕ ਆਪਣੀ ਜ਼ਿੰਦਗੀ ਵਿਚ ਨਹੀਂ ਸੀ ਵੇਖਿਆ, ਜਿਥੇ ਕਿ ਸਾਰੇ ਦੇ ਸਾਰੇ ਲੋਕ ਉਸ ਅਨੰਤਤਾਈ (Infinite) ਨਾਲ ਇਕਸੁਰ ਹੋਏ ਹੋਏ ਸਨ। ਮੇਰੀਆਂ ਅੱਖਾਂ ਉਨ੍ਹਾਂ ਨੂੰ ਵੇਖ ਕੇ ਅੱਡੀਆਂ ਦੀਆਂ ਅੱਡੀਆਂ ਹੀ ਰਹਿ ਗਈਆਂ। ਇਹ ਇਕੱਠ ਕੁਝ ਅਜੀਬ ਕਿਸਮ ਦੇ ਲੋਕਾਂ ਦਾ ਸੀ, ਜਿਨ੍ਹਾਂ ਦੀ ਕੋਈ ਸੰਸਥਾ ਨਹੀਂ, ਕੋਈ ਦਫ਼ਤਰ ਜਾਂ ਦਫ਼ਤਰ ਦਾ ਮਾਲਕ ਨਹੀਂ ਸੀ। ਉਹ ਤਾਂ ਸਾਰੇ ਦੇ ਸਾਰੇ ਹੀ **ਹੋਰ ਰੰਗਾਂ ਵਿਚ ਰੰਗੇ ਹੋਏ ਸਨ।**

ਉਹ ਸਾਰੇ ਹੀ ਉਥੇ ਇਕ 77 ਸਾਲ ਦੀ ਉਮਰ ਦੇ ਰੀਟਾਇਰ ਫ਼ੌਜੀ ਕਲਰਕ (ਜਿਸ ਨੇ ਅੱਧੀ ਸਦੀ ਤੋਂ ਜ਼ਿਆਦਾ ਸਮਾਂ ਗੁਰਬਾਣੀ ਦੇ ਵੱਖ ਵੱਖ ਪਹਿਲੂਆਂ ਦੀ ਖੋਜ ਵਿਚ ਲਗਾ ਦਿੱਤਾ ਹੈ) ਦੇ ਸੁਨੇਹੇ, ਜਾਂ ਲਿਖੇ ਪੱਤਰਾਂ ਦੇ ਸੱਦੇ ਤੇ ਇਕੱਠੇ ਹੋਏ ਸਨ। ਉਹ ਵਿਅਕਤੀ ਹੀ ਇਸ ਲਹਿਰ ਦੀ ਅਗਵਾਈ ਤੇ ਇਸ ਦੀ ਤਰੱਕੀ ਦੇ ਪਿਛੇ ਇਕ **ਰੂਹਿ-ਰਵਾਂ** ਦਾ ਕੰਮ ਕਰ ਰਿਹਾ ਸੀ।

ਪਰ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਇਹ ਇਕੱਠ ਉਸ ਵਿਅਕਤੀ ਦੇ ਦੁਆਲੇ ਨਹੀਂ, ਸਗੋਂ ਇਸ ਇਕੱਠ ਦਾ ਕੇਂਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਨ, ਜਿਨ੍ਹਾਂ ਦਾ ਪ੍ਰਕਾਸ ਉਸ ਘਰ ਵਿਚ ਕੀਤਾ ਹੋਇਆ ਸੀ, ਜਿਥੇ ਕੋਈ ਹਾਲ ਕਮਰਾ ਭੀ ਨਹੀਂ ਸੀ। ਉਨ੍ਹਾਂ ਕੋਲ ਬਸ ਇਕ ਵਰਾਂਡਾ ਸੀ, ਤੇ ਉਸ ਵਿਚ ਕਿਰਾਏ ਤੇ ਲਈਆਂ ਹੋਈਆਂ ਕਨਾਤਾਂ ਲਗੀਆਂ ਸਨ। ਫਰਸ਼ ਸੁਕੀ ਪਰਾਲੀ ਦਾ ਸੀ, ਜੋ ਗਦੇਲੇ ਦਾ ਕੰਮ ਦੇ ਰਿਹਾ ਸੀ ਤੇ ਜਿਸ ਉਪਰ ਸਾਰੇ ਇਸ ਤਰ੍ਹਾਂ ਆਰਾਮ ਨਾਲ ਸੌਂਦੇ ਸਨ ਜਿਵੇਂ ਕਿ ਉਹ **ਕਿਸੇ ਪ੍ਰਸਿੱਧ ਹਟਲ ਦੇ ਕਮਰਿਆਂ ਵਿਚ ਵਿਛੇ ਬਿਸਤਰਿਆਂ ਉਪਰ ਸੌਂਦੇ ਹੋਣ।**

ਉਹ ਸਮਾਗਮ ਵਿਚ ਹਿੱਸਾ ਲੈਣ ਵਾਲੇ ਸੱਜਣ ਜਿਉਂ ਜਿਉਂ ਆਉਂਦੇ ਗਏ, ਆਪੋ ਆਪਣਾ ਕੰਮ ਸਾਂਭਦੇ ਗਏ। ਹਰ ਕੋਈ ਆਪਣੀ ਮਰਜ਼ੀ ਦੇ ਕੰਮ ਤੇ ਜਾ ਲਗਦਾ ਸੀ। ਉਥੇ ਨਾ ਕੋਈ ਖਾਲੀ ਜਗ੍ਹਾ ਸੀ ਤੇ ਨਾ ਹੀ ਕੋਈ ਬੰਦਾ ਵਿਹਲਾ ਖੜੌਂਦਾ ਸੀ।

ਉਸ ਸਮਾਗਮ ਵਿਚ ਕੋਈ ਵੀ ਆਗੂ ਬਣ ਕੇ ਨਹੀਂ ਸੀ ਕੰਮ ਕਰ ਰਿਹਾ, ਉਥੇ ਨਾ ਕੋਈ ਮਾਲਕ, ਨਾ ਕੋਈ ਪਹਿਰੇਦਾਰ ਤੇ ਨਾ ਹੀ ਕੋਈ ਰਖਵਾਲਾ ਸੀ। ਇਤਨੇ ਵੱਡੇ ਤੇ ਸਾਂਝੇ ਪਰਿਵਾਰ ਵਿਚ ਸਾਰੇ ਆਪੋ ਆਪਣਾ ਕੰਮ ਬੜੇ ਧਿਆਨ ਨਾਲ ਅਤੇ ਆਤਮਿਕ ਉਤਸ਼ਾਹ ਨਾਲ ਕਰ ਰਹੇ ਸਨ, ਜਿਥੇ ਨਾ ਕੋਈ 'ਹੁਕਮ' ਦਿੰਦਾ ਸੀ ਤੇ ਨਾ ਹੀ ਕਿਸੇ ਨੂੰ 'ਹੁਕਮ' ਦੀ ਲੋੜ ਸੀ।

ਮੇਰੀ ਆਤਮਿਕ ਦ੍ਰਿਸ਼ਟੀ ਨੇ ਜਲਦੀ ਹੀ ਭਾਂਪ ਲਿਆ ਕਿ ਇਥੇ ਪਰਮਾਤਮਾ **'ਆਪ'** ਹੀ ਕੰਮ ਕਰ ਰਿਹਾ ਹੈ, ਕਿਉਂਕਿ ਇਥੇ ਕੋਈ ਮੇਜ਼ਬਾਨ ਪ੍ਰਾਹੁਣਚਾਰੀ ਨਹੀਂ ਸੀ

ਕਰ ਰਿਹਾ। ਅਸਲ ਵਿਚ ਮੇਜ਼ਬਾਨ ਆਪ ਤਾਂ ਨਾਲ ਦੇ ਮਕਾਨ ਦੇ ਇਕ ਅਲੱਗ ਕਮਰੇ ਵਿਚ 10-12 ਹੋਰ ਪ੍ਰਾਣੀਆਂ ਸਮੇਤ ਬੈਠਾ ਸੀ।

ਸਮਾਗਮ ਵਿਚ ਹਿੱਸਾ ਲੈਣ ਵਾਲੇ ਸਾਰੇ ਸੱਜਣ ਬੜੀ ਸ਼ਾਂਤੀ ਨਾਲ ਇਸ ਥਾਂ ਤੇ ਆਏ, ਜਿਥੇ ਕਿ ਸੰਗਤ ਦਾ ਮੋਹਤੀ ਆਪ **ਪਿਆਰ ਦੀਆਂ ਕਿਰਨਾਂ** ਵੰਡ ਰਿਹਾ ਸੀ। ਹਰ ਆਉਣ ਵਾਲੇ ਲਈ, ਉਹ **'ਚੁਪ ਪ੍ਰੀਤ'** ਦੁਆਰਾ, ਪਿਆਰ ਭਰੀ 'ਜੀ ਆਇਆਂ' ਤੋਂ ਬਿਨਾਂ, ਹੋਰ ਕੁਝ ਨਹੀਂ ਸੀ ਬੋਲ ਰਿਹਾ। ਆਉਣ ਵਾਲੇ ਆਉਂਦਿਆਂ ਸਾਰ ਹੀ ਉਸ ਦੀ ਪਿਆਰ ਭਰੀ ਝੋਲੀ ਵਿਚ ਡਿਗ ਪੈਂਦੇ ਸਨ, ਅਤੇ ਉਸ ਨੂੰ ਇੰਜ ਜੱਫੀ ਪਾਉਂਦੇ ਸਨ, ਜਿਵੇਂ ਪੋਤਾ ਆਪਣੇ ਦਾਦੇ ਨੂੰ ਪਾਉਂਦਾ ਹੈ, ਚਾਹੇ ਉਹ ਕਿਸੇ ਵੀ ਉਮਰ ਦੇ ਜਾਂ ਕੰਮ ਕਰਨ ਵਾਲੇ ਸਨ। ਮੈਨੂੰ ਉਨ੍ਹਾਂ ਦੀਆਂ ਬਾਹਵਾਂ ਇੰਨੀਆਂ ਲੰਬੀਆਂ ਮਹਿਸੂਸ ਹੋ ਰਹੀਆਂ ਸਨ ਕਿ ਉਹ ਸਾਰੀ ਦੁਨੀਆਂ ਨੂੰ ਹੀ ਆਪਣੀ ਬੁੱਕਲ ਵਿਚ ਲੈਣ ਦੇ ਸਮੱਰਥ ਸਨ।

ਜੇ ਇਹੋ ਜਿਹਾ ਕ੍ਰਿਸ਼ਮਾ ਕਿਤੇ ਵੇਖਣ ਵਿਚ ਆਇਆ ਹੈ ਤਾਂ ਉਹ ਇਥੇ ਹੀ ਹੈ, ਕਿ ਇਹ ਇਕ ਸਾਂਝਾ **ਵੱਡਾ ਪਰਿਵਾਰ ਹੈ**, ਜਿਸ ਦੀ ਪ੍ਰੇਰਨ-ਸ਼ਕਤੀ **'ਪਿਆਰ ਹੀ ਪਿਆਰ'** ਹੈ, ਜੋ ਹਰ ਇਕ ਨੂੰ ਆਪਣੇ ਫ਼ਰਜ਼, ਚੰਗੇ ਵਰਤਾਉ ਤੇ ਨੇਕ ਆਚਰਣ ਵੱਲ ਪ੍ਰੇਰ ਰਹੀ ਸੀ। ਮੈਂ ਕਦੇ ਵੀ ਕਿਸੇ ਪਰਿਵਾਰ ਵਿਚ ਅਜਿਹਾ ਪਿਆਰ ਤੇ ਚਾਉ ਵਾਲਾ ਵਰਤਾਉ ਨਹੀਂ ਸੀ ਵੇਖਿਆ। ਇਥੇ ਹਰ ਇਕ **ਆਤਮਾ** 'ਚੜ੍ਹਦੀ ਕਲਾ' ਵਿਚ ਸੀ, ਜੋ **'ਆਮ'** ਹੁੰਦਿਆਂ ਹੋਇਆਂ ਵੀ **'ਖ਼ਾਸ'** ਲੱਗ ਰਹੀ ਸੀ, ਤੇ 'ਖ਼ਾਸ' ਹੁੰਦਿਆਂ ਹੋਇਆਂ ਵੀ 'ਆਮ' ਵਿਖਾਈ ਦੇ ਰਹੀ ਸੀ। ਇਥੇ ਕੋਈ ਅਲੌਕਿਕ **ਇਲਾਹੀ ਖ਼ਾਸੀਅਤ** ਸੀ।

ਸਮਾਜਵਾਦੀ, ਸਭ ਨੂੰ 'ਸਮਾਨਤਾ' ਜਾਂ ਇਨਸਾਫ਼ ਦੇਣ ਦਾ ਸਿਰਫ਼ **ਹੋਕਾ** ਹੀ ਦਿੰਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇਥੇ ਇਕ ਵਾਰੀ ਆਉਣ ਤੇ ਅਗਲੇ ਸਾਲ ਹੋਣ ਵਾਲੇ ਸਮਾਗਮ ਵਿਚ ਜ਼ਰੂਰ ਸ਼ਾਮਲ ਹੋਣ। ਉਹ ਵੇਖਣਗੇ ਕਿ ਇਥੇ ਗਿਆਨ ਧਿਆਨ ਲਾਂਭੇ ਰਖ ਕੇ, ਸਾਰੇ ਕੰਮ ਕਿਵੇਂ **ਚੁਪ ਸਾਧਨਾਂ** ਨਾਲ ਹੋ ਰਹੇ ਹਨ।

ਇਸੇ ਸਮਾਗਮ ਵਿਚ ਹਿੱਸਾ ਲੈਣ ਵਾਲੇ 9 ਹਫ਼ਤਿਆਂ ਤੋਂ ਲੈ ਕੇ 90 ਸਾਲ ਜਾਂ ਇਸ ਤੋਂ ਜ਼ਿਆਦਾ ਉਮਰ ਦੇ ਸੱਜਣ ਸਨ, ਪਰ ਫਿਰ ਵੀ ਸਾਰੇ ਚੁਸਤ ਤੇ ਚੇਤੰਨ ਸਨ। ਉਹ ਸਭ, ਇਸ ਸੰਸਥਾ ਦੇ ਆਗੂ ਤੋਂ, ਆਤਮਿਕ-ਪਿਆਰ ਲੈਣ ਲਈ ਹੀ ਦੇਸ਼-ਵਿਦੇਸ਼ਾਂ ਤੋਂ ਇਥੇ ਆਏ ਸਨ। ਉਹ ਸਾਰੇ ਕਿਸੇ ਘੜਿਆਲ ਜਾਂ ਅਲਾਰਮ-ਘੜੀ ਦੀ ਮੱਦਦ ਤੋਂ ਬਿਨਾਂ ਹੀ ਸਵੇਰੇ ਉਠ ਖਲੋਂਦੇ ਸਨ। ਹਰ ਰੋਜ਼ ਉਹ ਤਿੰਨ ਵਜੇ, ਜਦੋਂ ਕਿ ਪਹਿਲੀ ਸ਼ਬਦ-ਧੁਨ ਆਰੰਭ ਹੁੰਦੀ, ਉਨ ਖੜੋਂਦੇ ਸਨ। ਸਵੇਰੇ 4 ਵਜੇ ਤੋਂ 5 ਵਜੇ ਤੱਕ ਗੁਪਤ ਸਿਮਰਨ ਦਾ ਟਾਈਮ ਸੀ ਇਸ ਸਮੇਂ ਸਾਰੇ ਮਨ ਵਾਹਿਗੁਰੂ ਦੇ ਸਿਮਰਨ ਵਿਚ ਲਿਵਲੀਨ ਹੋ ਜਾਂਦੇ ਸਨ। ਜੋ ਵੇਖਣ ਵਿਚ ਇਕ **'ਚੁੱਪ'** ਮਾਲੂਮ ਹੁੰਦੀ ਸੀ। ਜੇ ਕਿਤੇ ਵੇਖਣ ਵਿਚ ਆਈ ਹੈ ਤਾਂ ਇਥੇ ਹੀ ਆਈ ਹੈ, ਕਿ **'ਚੁੱਪ' ਕਿੰਨਾ ਸੋਹਣਾ 'ਗਾ' ਤੇ 'ਬੋਲ'** ਸਕਦੀ ਹੈ। ਇਹ 'ਚੁੱਪ' ਕੋਈ ਪੱਥਰ ਵਰਗੀ 'ਚੁੱਪ' ਜਾਂ ਉਦਾਸ 'ਚੁੱਪ' ਜਾਂ ਹੈਰਾਨੀ ਵਾਲੀ

'ਚੁੱਪ' ਨਹੀਂ ਸੀ, ਕਿਉਂਕਿ ਇਹ ਤਾਂ ਮੇਰੇ ਨਾਲ ਇਸ ਢੰਗ ਨਾਲ 'ਗੱਲਾਂ' ਕਰ ਰਹੀ ਸੀ ਜੋ ਮੇਰੇ ਲਈ ਬਹੁਤ ਹੀ ਸੁਹਾਵਣੀ ਤੇ ਬਖ਼ਸ਼ਿਸ਼ ਵਾਲੀ ਸੀ।

ਮੈਂ ਤਾਂ ਇਹ ਨਜ਼ਾਰੇ ਸਿਰਫ ਦੇਖਣ ਵਾਲਿਆਂ ਵਿਚੋਂ ਸੀ। ਉਸ ਵਿਚ ਸ਼ਾਮਲ ਹੋਣ ਵਾਲਾ ਨਹੀਂ ਸਾਂ। ਇਸ ਲਈ ਉਸ ਰਸ ਬਾਰੇ ਬਿਆਨ ਕਰਨਾ, ਮੇਰੇ ਲਈ ਅਸੰਭਵ ਹੈ। ਸਿਰਫ਼ ਕਦੇ ਕਦੇ ਜਜ਼ਬਾਤੀ ਰੌਂ ਵਿਚ ਆ ਕੇ ਹਿੱਸਾ ਲੈਣ ਦੇ ਸਿਵਾਇ, ਉਹ ਘੜੀ ਜਾਂ ਸਮਾਂ (ਜਦੋਂ ਮੈਂ ਉਸ ਰੰਗ ਵਿਚ ਸ਼ਾਮਲ ਹੁੰਦਾ ਮਹਿਸੂਸ ਕਰਦਾ ਸੀ) ਇਨਾਂ **ਸੂਖ਼ਮ ਤੇ ਪਵਿੱਤਰ** ਸੀ, ਕਿ ਇਸ ਦੀ ਛਾਣਬੀਣ ਦਿਮਾਗ਼ ਨਹੀਂ ਕਰ ਸਕਦਾ। ਕਿਉਂਕਿ ਆਤਮਿਕ ਗਿਆਨ ਤਾਂ ਸ਼ੁਰੂ ਹੀ ਉਥੋਂ ਹੁੰਦਾ ਹੈ ਜਿਥੇ ਸਾਡਾ ਵਿਆਕਰਣ ਜਾਂ ਗਿਆਨ ਖ਼ਤਮ ਹੋ ਜਾਂਦਾ ਹੈ!

ਪਹਿਲਾਂ ਇਕ ਘੰਟੇ ਦੇ ਸਿਮਰਨ ਤੋਂ ਬਾਅਦ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ ਫਿਰ ਕੀਰਤਨ ਆਰੰਭ ਹੋਇਆ। ਇਸ ਵਿਚ ਰੱਬੀ ਸਿਫ਼ਤ-ਸਲਾਹ ਭਰੇ ਸ਼ਬਦਾਂ ਦੀ ਗੂੰਜ ਉਠੀ, ਜਦੋਂ ਕਿ ਸਾਰੀ ਸੰਗਤ ਮਿਲ ਕੇ ਗਾ ਰਹੀ ਸੀ, ਉਹ ਇਤਨੀ ਦਿਲ-ਖਿਚਵੀਂ ਗੂੰਜ ਸੀ ਕਿ ਪ੍ਰਤੀਤ ਹੁੰਦਾ ਸੀ, ਕਿ ਕੋਈ ਅਦ੍ਰਿਸ਼ਟ ਰੂਹਾਨੀ ਸ਼ਕਤੀ ਸਭ ਦੇ ਦਿਲਾਂ ਵਿਚ ਪ੍ਰਵੇਸ਼ ਕਰ ਗਈ ਹੈ। ਸੰਗਤ ਵਿਚ ਕਈ ਸੱਜਣ ਆਤਮਿਕ-ਰਸ ਨਾਲ ਝੂਮ ਉਠੇ। ਕੋਈ ਮੱਥੇ ਟੇਕਣ ਲਗ ਪਿਆ, ਤੇ ਕੋਈ ਇਲਾਹੀ ਰਸ ਵਿਚ ਆ ਕੇ ਗਾਉਣ ਲਗ ਪਿਆ। ਸਭ ਦੇ ਚਿਹਰੇ ਖੁਸ਼ੀ ਨਾਲ ਚਮਕ ਰਹੇ ਸਨ। ਕੋਈ ਹੱਸ ਰਿਹਾ ਸੀ, ਕੋਈ ਮੁਸਕਰਾ ਰਿਹਾ ਸੀ, ਤੇ ਕੋਈ ਸਿਫ਼ਤ-ਸਲਾਹ ਵਿਚ ਝੂਮ ਰਿਹਾ ਸੀ। ਅਸਲ ਵਿਚ ਇਹ ਨਜ਼ਾਰਾ ਦੇਖਣ ਤੇ ਮਾਣਨ ਵਾਲਾ ਹੀ ਸੀ—**ਦੱਸਣ ਯੋਗ ਨਹੀਂ।** ਇਹ ਤਾਂ **'ਰੂਹਾਨੀ-ਅਤ' ਦਾ ਆਪਣੇ ਸੱਚੇ ਭਗਤਾਂ ਵਿਚ ਆ 'ਸਮਾਉਣਾ' ਸੀ**, ਜੋ ਕਿ ਉਸ ਦੇ ਹੁਕਮ ਅੰਦਰ ਝੂਮ ਰਹੇ ਸਨ।

ਫਿਰ ਵੀ ਮੈਂ ਇਹ ਕਹਾਂਗਾ ਕਿ ਕੋਈ ਵੀ ਦੋ ਮਨ ਇਕੋ ਜਿਹੇ ਨਹੀਂ ਹੋ ਸਕਦੇ। ਹਰ ਇਕ ਮਨ ਉਸ ਰੱਬੀ ਸ਼ਕਤੀ, ਜਾਂ ਉਸ ਸਤਿਸੰਗ ਦੇ ਵਾਤਾਵਰਣ ਦੀ ਸ਼ਕਤੀ ਨਾਲ ਭਰਪੂਰ (Charge) ਹੋ ਜਾਣ, ਤੇ ਉਸ ਪਰਮਾਤਮਾ ਦੀ ਸ਼ਕਤੀ ਦੀ 'ਰੋਸ਼ਨੀ' ਨੂੰ ਆਪਣੇ ਮਨ ਦੇ ਸ਼ੀਸ਼ੇ ਵਿਚ ਅੱਡ ਅੱਡ ਢੰਗ ਨਾਲ ਵੇਖਦਾ ਹੈ। ਜਿਵੇਂ ਕਾਰ ਦੀ ਬੈਟਰੀ ਫ਼ੈਕਟਰੀ ਤੋਂ ਚਾਰਜ ਹੋ ਕੇ ਅੱਡ ਅੱਡ ਸ਼ਕਤੀ ਦੀ ਰੋਸ਼ਨੀ ਦਿੰਦੀ ਹੈ।

ਸੋ ਪਿਆਰਿਓ! ਪਰਮਾਤਮਾ ਦੀ ਪਵਿੱਤਰ 'ਰੂਹਾਨੀਅਤ' ਸਭ ਦੀ ਸਾਂਝੀ ਅਤੇ ਸਦੀਵੀ ਹੈ। ਮੈਨੂੰ ਹੁਣ ਰੂਹਾਨੀਅਤ ਬਾਰੇ ਕੋਈ ਹੈਰਾਨੀ ਨਹੀਂ ਰਹੀ ਕਿ ਇਹ ਕੀ ਹੈ? ਕਿਉਂਕਿ ਮੈਂ ਇਸ ਨੂੰ ਜਿਉਂਦੀ ਜਾਗਦੀ ਤੇ ਚਲਦੀ-ਫਿਰਦੀ **'ਰਵਾਨਗੀ'** ਵਿਚ ਇਥੇ ਵੇਖ ਲਿਆ ਹੈ, ਇਸ ਦੀ ਵੀ ਹੈਰਾਨਗੀ ਨਹੀਂ ਕਿ ਮੈਂ ਇਸ ਨੂੰ ਸਿੱਖ 'ਸਾਧ-ਸੰਗਤ ਵਿਚ ਵੇਖਿਆ ਹੈ, ਜਿਹੜੀ ਕਿ ਇਕ ਸੱਚੀ ਤੇ ਪਵਿੱਤਰ ਜਥੇਬੰਦੀ ਹੈ। ਸਭ ਤੋਂ ਵੱਧ ਹੈਰਾਨੀ ਦੀ ਗੱਲ ਇਸ ਅਸਥਾਨ ਤੇ ਇਹ ਸੀ ਕਿ **'ਰੱਬੀ ਆਤਮਿਕ ਰੌਂ'** ਬਿਨਾਂ ਕਿਸੇ

ਰਸਮੀ ਅਰਦਾਸ ਦੇ ਹੀ ਪਰਗਟ ਹੋ ਜਾਂਦੀ ਸੀ, ਜਦੋਂ ਕਿ 'ਦਰਸ਼ਨਾਂ' ਲਈ, ਹਰ ਧਰਮ ਵਿਚ ਅਰਦਾਸ ਕਰਨੀ ਜ਼ਰੂਰੀ ਸਮਝੀ ਜਾਂਦੀ ਹੈ। ਪਰ ਹਾਂ ਇਹ **'ਆਤਮਿਕ ਰੌਂ'** ਉਥੇ ਮੇਰੀਆਂ ਅੱਖਾਂ ਸਾਹਮਣੇ ਪ੍ਰਕਾਸ਼ ਹੋਈ ਸੀ, ਤੇ ਇਹ ਵੀ ਕਿਸੇ ਕਿਸਮ ਦੇ ਕਰਮ-ਕਾਂਡ, ਅਰਦਾਸ ਜਾਂ ਲਿਖਤੀ ਬੇਨਤੀ ਨਾਲ ਨਹੀਂ, ਬਲਕਿ **ਸਹਿਜ ਸੁਭਾ** ਹੀ।

ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ **'ਹੈਰਾਨੀ'** ਸੀ, ਜਿਹੜੀ ਕਿ ਜਿੰਨੇ ਦਿਨ ਮੈਂ ਉਥੇ ਰਿਹਾ, ਵਰਤਦੀ ਰਹੀ। ਪਰੰਤੂ ਅਜੇ ਹੋਰ ਅਨੋਖੀ ਝਲਕ ਦੀ ਉਡੀਕ ਕਰੋ। ਸਭ ਤੋਂ ਪਵਿੱਤਰ ਤੇ ਹੈਰਾਨ ਕਰਨ ਵਾਲਾ ਦ੍ਰਿਸ਼ ਤੀਸਰੇ ਦਿਨ ਵਾਪਰਿਆ। ਸ਼ਾਮ ਦਾ ਵੇਲਾ ਸੀ। ਇਕ ਨੌਜਵਾਨ ਬੀਬੀ, ਜੋ ਇਕ ਫ਼ੌਜੀ ਅਫ਼ਸਰ ਦੀ ਵਿਧਵਾ ਸੀ, ਹੌਲੀ ਜਿਹੇ ਕਮਰੇ ਵਿਚ ਆਈ, ਜਿਥੇ ਕਿ ਸਮਾਗਮ ਦਾ ਆਗੂ ਤੇ ਅਸੀਂ ਦਸ ਬਾਰਾਂ ਜਣੇ ਬੈਠੇ ਸੀ। ਉਹ ਆ ਕੇ ਚੁਪ ਚਾਪ ਉਸਦੇ ਮੰਜੇ ਦੀ ਪੈਂਦ ਤੇ ਬੈਠ ਗਈ। ਮੈਂ ਸੋਚਿਆ, ਉਹ ਸਾਡੇ 'ਚੋਂ ਕਿਸੇ ਨਾਲ ਗੱਲ ਕਰੇਗੀ, ਪਰ ਨਹੀਂ, ਉਹ ਸਿਰਫ਼ ਚੁਪ ਚਾਪ ਬੈਠੀ ਰਹੀ। ਅਚਾਨਕ ਹੀ ਉਸ ਨੇ ਆਪਣਾ ਝੁਕਿਆ ਹੋਇਆ ਸਿਰ ਉਪਰ ਚੁਕਿਆ, ਅਤੇ ਉਸਦੇ (ਬਾਊ ਜੀ) ਚਿਹਰੇ ਵਲ ਵੇਖਣ ਲਗੀ, ਅਤੇ ਫਿਰ ਆਪਣੇ ਆਪ ਹੀ ਉਸ ਦੀਆਂ ਅੱਖਾਂ ਵਿਚ ਸਿੱਧੀ ਟਿਕ-ਟਿਕੀ ਲਗਾ ਕੇ ਝਾਕਣ ਲਗ ਪਈ। ਜਦੋਂ ਮੈਂ ਦੇਖਿਆ ਤਾਂ ਮੇਰਾ ਹੈਰਾਨੀ ਨਾਲ ਮੂੰਹ ਅੱਡਿਆ ਰਹਿ ਗਿਆ, ਤੇ ਅੱਖਾਂ ਵੀ ਅੱਡੀਆਂ ਗਈਆਂ! ਬੜੀ ਤੇਜ਼ੀ ਨਾਲ ਅੱਖਾਂ ਨੂੰ ਚੁੰਧਿਆ ਦੇਣ ਵਾਲੀ **'ਆਤਮਕ ਰੋਸ਼ਨੀ'** ਦੇ ਪ੍ਰਕਾਸ਼ ਦਾ ਅਨੁਭਵ ਹੋਇਆ ਤੇ 'ਸਰਚਲਾਈਟ' (Searchlight) ਵਾਂਗ ਉਸ ਭੋਲੀ-ਭਾਲੀ ਬੀਬੀ ਵਿਚ **ਆਤਮਿਕ ਜਲਵੇ** ਦਾ ਪਰਵੇਸ਼ ਹੋਇਆ। ਇਹ ਇਕ **'ਇਲਾਹੀ ਪ੍ਰਕਾਸ਼' ਸੀ**, ਤੇ ਉਹ ਜਿਥੋਂ ਦੀ ਲੰਘੀ, ਚਾਨਣ ਹੀ ਚਾਨਣ ਕਰਦੀ ਗਈ। ਉਸ ਨੇ ਉਨ੍ਹਾਂ ਦੋਹਾਂ ਪਵਿੱਤਰ ਰੂਹਾਂ ਦੇ ਸਰੀਰ, ਮਨ ਤੇ ਆਤਮਾ ਨੂੰ ਚਾਨਣ ਨਾਲ ਭਰ ਦਿੱਤਾ।

ਇਹ ਜ਼ਬਰਦਸਤ **'ਇਲਾਹੀ ਰੋਸ਼ਨੀ'** ਇਕ ਲਹਿਰ ਦੇ ਰੂਪ ਵਿਚ ਸ਼ੁਰੂ ਹੋ ਕੇ, ਪ੍ਰਾਪਤ ਕਰਨ ਵਾਲੀ ਆਤਮਾ ਵਿਚ ਦਾਖ਼ਲ ਹੋ ਰਹੀ ਸੀ, ਜੋ ਇਸ ਨਾਲ ਭਰਪੂਰ ਹੋ ਕੇ **ਉਛਲ ਰਹੀ ਸੀ** ਤੇ ਨਵਾਂ ਜੀਵਨ ਪ੍ਰਾਪਤ ਕਰ ਰਹੀ ਸੀ

ਉਹ ਬੀਬੀ ਜਲਦੀ ਹੀ ਸਾਰੀ ਦੀ ਸਾਰੀ ਜਗਮਗਾ ਉਠੀ ਤੇ ਮੈਂ ਉਸ ਦੀ **'ਜੀਵਨ ਤਬਦੀਲੀ'** ਆਪਣੀਆਂ ਅੱਖਾਂ ਸਾਹਮਣੇ ਦੇਖੀ। ਇਉਂ ਇਕ ਪਵਿੱਤਰ ਆਤਮਾ ਦੁਆਰਾ, ਉਸ ਵਾਹਿਗੁਰੂ ਦੀ 'ਨਵ-ਜਨਮੀ' ਬੱਚੀ ਬਣ ਗਈ। ਇਸ ਤਰ੍ਹਾਂ ਉਸ ਦਾ ਅਸਲੀ ਸ਼ਬਦਾਂ ਵਿਚ **'ਨਵਾਂ ਜਨਮ'** ਹੋਇਆ। ਇਹ ਮੇਰੇ ਜੀਵਨ ਦਾ ਪਹਿਲਾ ਤੇ ਸੱਚਾ-ਸੁਚਾ ਤਜਰਬਾ ਸੀ।

ਮੇਰੇ ਲਈ ਸਭ ਤੋਂ ਖੁਸ਼ੀ ਦੀ ਗੱਲ ਇਹ ਸੀ, ਕਿ ਮੈਂ **'ਇਲਾਹੀ ਰੌਂ'** ਨੂੰ ਦੋ ਰੂਹਾਂ ਤੇ ਕੰਮ ਕਰਦਿਆਂ ਆਪਣੀ ਅੱਖੀਂ ਦੇਖਿਆ, ਜੋ ਅਨਭੋਲ ਹੀ ਇਸ ਅਸਚਰਜ **ਆਤਮਿਕ ਕ੍ਰਿਸ਼ਮੇ** ਵਿਚ ਸ਼ਾਮਲ ਹੋਈਆਂ ਸਨ। ਪ੍ਰਾਪਤ ਕਰਨ ਵਾਲੀ ਬੀਬੀ ਦੀ

ਆਤਮਾ ਪ੍ਰਾਪਤ ਕਰ ਰਹੀ ਸੀ, ਤੇ ਉਹ ਹੋਰ ਸ਼ਕਤੀ ਵਾਲੀ ਹੁੰਦੀ ਜਾ ਰਹੀ ਸੀ, ਅਤੇ ਜਿਸ ਨਾਲ ਕਿ ਉਹ 'ਨਵ-ਜਨਮੀਂ' ਸੂਰਤ ਅਖ਼ਤਿਆਰ ਕਰ ਰਹੀ ਸੀ। ਉਹ ਆਤਮਿਕ ਰੌਸ਼ਨੀ ਵਿਚ ਡੂੰਘੀ ਉਤਰ ਰਹੀ ਸੀ। ਉਹ ਇਹ 'ਅਕਾਸ਼ ਗੰਗਾ' ਦੀ ਅੰਮ੍ਰਿਤਧਾਰਾ ਸਿਰਫ਼ ਅੱਖਾਂ ਨਾਲ ਹੀ ਨਹੀਂ, ਸਗੋਂ ਆਪਣੇ ਸਰੀਰ ਦੇ ਇਕ ਇਕ ਰੋਮ ਨਾਲ ਪੀ ਰਹੀ ਸੀ, ਤੇ ਨੱਕੋ-ਨੱਕ ਭਰੀ ਜਾ ਰਹੀ ਸੀ। ਇਹ ਅਲੌਕਿਕ ਆਤਮਿਕ ਕੌਤਕ ਇਕ ਘੰਟੇ ਤੋਂ ਵੀ ਵੱਧ ਹੁੰਦਾ ਰਿਹਾ। ਦੋਹਾਂ ਵਿਚੋਂ ਕਿਸੇ ਨੇ ਵੀ ਇਕ ਅੱਖਰ ਨਹੀਂ ਬੋਲਿਆ, ਤੇ ਇਸ **'ਚੁੱਪ'** ਵਿਚ **'ਇਲਾਹੀ ਗੜੂੰਦ'** ਨਾਲ ਸਾਰੀ ਸੰਗਤ ਹੀ 'ਸੁੰਨ ਸਮਾਧ' ਦਾ ਰਸ ਮਾਣ ਰਹੀ ਸੀ। ਅਖ਼ੀਰ ਉਸ ਬੀਬੀ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ, ਤੇ ਸਿਰ ਝੁਕਾ ਕੇ ਬਾਹਰ ਚਲੀ ਗਈ।

ਉਹ ਫਿਰ 'ਦੁਨੀਆਂ' ਵਿਚ ਜਾ ਰਲੀ, ਪਰ ਉਸ ਦੀ 'ਦੁਨੀਆਂ', ਪੁਰਾਣੀ ਦੁਨੀਆਂ ਨਹੀਂ ਸੀ, **ਬਦਲ ਚੁਕੀ ਸੀ।** ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਉਸ ਦੀਆਂ 'ਨਵੀਆਂ' ਅੱਖਾਂ ਨਾਲ ਦੁਨੀਆਂ ਕਿਹੋ ਜਿਹੀ ਲਗੀ ਹੋਵੇਗੀ ? ਮੇਰਾ ਖਿਆਲ ਹੈ ਕਿ ਹੁਣ ਉਹ 'ਇਸ ਦੁਨੀਆਂ' ਦਾ **'ਹਿਸਾ' ਨਹੀਂ ਰਹੀ।** ਸਗੋਂ ਇਸ ਤੋਂ **ਵੱਖਰੀ** (ਅਲਿਪਤ) ਹੋ ਗਈ ਹੋਵੇਗੀ। ਉਹ, ਦੁਨੀਆਂ **'ਵਿਚ'** ਰਹਿੰਦੀ ਹੋਈ ਭੀ ਦੁਨੀਆਂ **'ਦੀ'** ਨਹੀਂ ਰਹੀ। ਅਸੀਂ ਇਕ ਦਰਜਨ ਸੰਗਤਾਂ ਨੇ ਉਥੇ ਬੈਠਿਆਂ ਹੋਇਆਂ ਇਹ ਅਸਚਰਜ ਕੌਤਕ ਬੜੀ ਹੈਰਾਨੀ ਤੇ ਚੁਪ-ਚਾਪ ਵੇਖਿਆ। ਅਸੀਂ ਭੀ ਵਿਸਮਾਦ ਹੁੰਦੇ ਗਏ, ਕਿਉਂਕਿ ਇਹ ਅਸਲੀਅਤ ਵਿਚ ਇਕ ਸੱਚਾ ਅਲੌਕਿਕ ਤੇ ਅਸਚਰਜ **'ਇਲਾਹੀ ਕੌਤਕ'** ਸੀ।

ਮੇਰੇ ਲਈ, ਜਿਵੇਂ ਕਿ ਮੇਰੇ ਸਾਰੇ ਸਾਥੀ ਜਾਣਦੇ ਹਨ, ਅਜ ਕਲ੍ਹ ਦੇ ਸਾਧ ਸੰਤਾਂ ਦੀਆਂ ਵੱਡੀਆਂ ਵੱਡੀਆਂ ਚਮਤਕਾਰਕ ਗੱਲਾਂ ਵੀ ਕੋਈ ਖਾਸ ਮਹਾਨਤਾ ਨਹੀਂ ਰਖਦੀਆਂ। ਮੈਨੂੰ ਉਨ੍ਹਾਂ ਨੂੰ ਪੜ੍ਹ ਕੇ, ਜਾਂ ਯਾਦ ਕਰ ਕੇ, ਕੋਈ ਖਾਸ ਹੈਰਾਨੀ ਨਹੀਂ ਹੁੰਦੀ, ਪਰ ਇਹ ਅਨੋਖੀ **'ਝਲਕ'** ਮੇਰੇ ਲਈ ਨਿਆਰੀ ਤੇ ਰਹੱਸ ਵਾਲੀ ਸੀ। ਮੈਂ ਇਹ ਸੋਚ ਵੀ ਨਹੀਂ ਸਕਦਾ ਸੀ, ਕਿ ਮੈਂ ਆਪਣੀ ਜ਼ਿੰਦਗੀ ਵਿਚ ਇਹੋ ਜਿਹਾ ਚਮਤਕਾਰ ਵੇਖਾਂਗਾ। ਜੇ ਪਰਮਾਤਮਾ ਮੇਰੇ ਕੋਲੋਂ ਮੇਰੀ ਸਭ ਤੋਂ ਵਧੀਆ 'ਮੰਗ' ਪੁਛੇ ਤਾਂ ਮੈਂ ਇਹੀ ਮੰਗਾਂਗਾ ਕਿ ਮੈਨੂੰ ਇਹੋ ਜਿਹੇ **'ਆਤਮਿਕ ਝਲਕਾਰਿਆਂ'** ਦੇ ਫਿਰ ਦਰਸ਼ਨ ਹੋ ਜਾਣ, ਕਿਉਂਕਿ ਮੇਰੇ ਲਈ ਉਸ ਤੋਂ ਵਧ ਨਾ ਕੋਈ ਖੁਸ਼ੀ ਹੈ, ਤੇ ਨਾ ਹੀ ਕੋਈ ਚਮਤਕਾਰ ਹੈ !

ਇਹ ਸਭ ਕੁਝ, ਇਕ ਤਰ੍ਹਾਂ ਦਾ **'ਰੂਹ' ਨੂੰ 'ਜਗਾ ਦੇਣ'** ਵਾਲਾ ਚਮਤਕਾਰ ਸੀ। ਮੈਂ ਇਹੋ ਜਿਹਾ ਪਵਿੱਤਰ ਤੇ ਸ਼ਕਤੀਮਾਨ ਆਤਮਿਕ ਕ੍ਰਿਸ਼ਮਾ ਕਦ ਨਹੀਂ ਸੀ ਵੇਖਿਆ। ਇਹ ਮੇਰੇ ਲਈ ਸਭ ਤੋਂ ਵੱਡੀ ਹੈਰਾਨੀ ਸੀ ਕਿ **ਦੋ ਰੂਹਾਂ** ਦੇ, ਇਸ ਤਰ੍ਹਾਂ ਖੁਲਮ-ਖੁਲ੍ਹੇ ਭਰੀ ਸੰਗਤ ਵਿਚ **ਆਤਮਿਕ-ਮੇਲ** (Spiritual communion) ਹੁੰਦਾ ਦੇਖਿਆ। ਇਸੇ ਨੂੰ ਰੱਬੀ ਬਖਸ਼ਿਸ਼ ਕਹਿੰਦੇ ਹਨ। ਮੈਂ ਕਦੀ ਇਹ ਨਹੀਂ ਸੋਚਿਆ ਸੀ ਕਿ ਮੈਂ ਇਹੋ ਜਿਹੇ **'ਰੂਹਾਨੀ ਕੌਤਕ'** ਦਾ ਕਦੇ ਇੰਨਾ ਨੇੜੇ ਹੋ ਕੇ ਦਰਸ਼ਨ ਕਰ ਸਕਾਂਗਾ। ਇਸ

'**ਆਤਮਕ-ਰੌਂ**' ਦਾ ਆਗਮਨ ਇਤਨਾ ਤੇਜ਼, **ਸੋਹਣਾ ਤੇ ਰਸ ਭਰਿਆ ਸੀ**, ਕਿ ਇਸ ਦੀ '**ਸੁੰਦਰਤਾ**' ਨੂੰ ਅੱਖਰਾਂ ਵਿਚ ਲਿਖ ਕੇ ਬਿਆਨ ਕਰਨਾ ਅਸੰਭਵ ਹੈ।

ਹਾਂ-ਇਸ ਨੂੰ ਖੁਦ ਵਾਹਿਗੁਰੂ ਪਾਸੋਂ, ਇਕ ਮਹਾਂਪੁਰਖ ਦੁਆਰਾ, ਇਕ ਭੁਖੀ ਰੂਹ ਵਿਚ **ਸਮਾਉਂਦਾ** ਹੋਇਆ ਦੇਖਣਾ-ਬਹੁਤ ਹੀ **ਅਸਚਰਜ ਘਟਨਾ** ਸੀ, ਜਦੋਂ ਕਿ ਮਹਾਂਪੁਰਖ ਤੇ ਉਹ 'ਰੂਹ'-ਦੋਨੋਂ ਹੀ ਇਸ ਹੋਣ ਵਾਲੀ ਘਟਨਾ ਤੋਂ ਅਣਜਾਨ ਸਨ। ਇਹ ਸਾਰਾ '**ਇਲਾਹੀ ਕੌਤਕ**' ਵਾਹਿਗੁਰੂ ਨੇ ਸਹਿਜ ਸੁਭਾ ਹੀ ਕਰ ਦਿੱਤਾ।

ਇਹ ਆਪਣੇ-ਆਪ ਵਿਚ ਹੀ ਸੰਪੂਰਨ ਘਟਨਾ ਸੀ; ਜਿਸ ਵਿਚ '**ਆਤਮਿਕ ਰੌਸ਼ਨੀ**' ਜਿਵੇਂ ਅਸਮਾਨ ਦੀ ਬਿਜਲੀ ਇਕ ਅੰਧੇਰੀ ਗੁਫਾ ਨੂੰ ਚਾਨਣ ਨਾਲ ਭਰ ਦਿੰਦੀ ਹੈ, ਇਕ **ਭੁਲੀ-ਭਟਕੀ** ਰੂਹ ਦੀ ਜਨਮਾਂ-ਜਨਮਾਂਤਰਾਂ ਦੀ ਮੈਲ ਦੇ ਢੇਰ ਨੂੰ ਇਸ ਤਰ੍ਹਾਂ ਸਾੜ ਰਹੀ, ਤੇ **ਪਵਿੱਤਰ** ਬਣਾ ਰਹੀ ਸੀ, ਕਿ ਪਿਛੇ ਕੋਈ ਸੁਆਹ ਵੀ ਨਹੀਂ ਬਚੀ ਸੀ! ਤੇ ਉਸ ਰੂਹ ਨੂੰ 'ਪਾਪ-ਰਹਿਤ' ਬਣਾ ਰਹੀ ਸੀ, ਜਿਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

ਉਥੇ ਜੋ ਵੀ ਕੋਈ ਹਾਜ਼ਰ ਸੀ, ਉਸ ਨੇ ਗੁਰੂ ਦੀ ਕ੍ਰਿਪਾ ਦੁਆਰਾ, ਇਸ ਸਭ ਕੁਝ ਦਾ ਆਨੰਦ ਮਾਣਿਆ; ਜੋ ਦੂਸਰਿਆਂ ਨੂੰ ਬਿਆਨ ਕਰ ਕੇ ਦੱਸਣਾ ਬਹੁਤ ਹੀ ਮੁਸ਼ਕਿਲ ਹੈ। ਇਸ ਦਾ ਕਥਨ ਕਰਨਾ ਤਾਂ **'ਬੇਅੰਤ' ਦਾ 'ਅੰਤ' ਦੱਸਣਾ ਹੈ,** ਜਿਵੇਂ ਕਿ ਗੁਰਬਾਣੀ ਵਿਚ ਲਿਖਿਆ ਹੈ "ਜੇ ਕੋ ਕਹੈ ਪਿਛੈ ਪਛੁਤਾਇ।"

ਜੋ ਮੈਂ ਲਿਖਿਆ ਹੈ, ਉਸ ਨਾਲ ਮੈਂ ਆਪਣੇ ਆਪ ਨੂੰ ਸ਼ਰਮਿੰਦਾ, ਮੂਰਖ ਤੇ ਨਿੱਕਾ-ਨਿੱਕਾ ਮਹਿਸੂਸ ਕਰਦਾ ਹਾਂ, ਕਿਉਂਕਿ ਮੈਂ ਉਸ ਨੂੰ ਬਿਆਨ ਕਰਨ ਦੇ ਕਾਬਿਲ ਨਹੀਂ। ਉਹ ਇਲਾਹੀ 'ਦਾਤ', ਸਿਰਫ ਮਾਣੀ ਹੀ ਜਾ ਸਕਦੀ ਹੈ, ਬਿਆਨ ਨਹੀਂ ਕੀਤੀ ਜਾ ਸਕਦੀ।

ਸੱਚੀ ਗੱਲ ਤਾਂ ਇਹ ਹੈ ਕਿ ਇਹ ਮੇਰਾ ਆਪਣਾ ਬਿਆਨ ਹੈ, ਜੋ ਮੈਂ ਮਹਿਸੂਸ ਕੀਤਾ, ਪਰ ਮੈਂ ਇਹ ਕਸਮ ਖਾ ਕੇ ਕਹਿੰਦਾ ਹਾਂ ਕਿ ਉਸ ਚੀਜ਼ ਨੂੰ ਨਾ ਕੋਈ ਕਲਮ, ਨਾ ਬੁਰਸ਼, ਨਾ ਰਸਨਾ, ਨਾ ਹੀ ਕੈਮਰਾ ਜਾਂ ਮੂਵੀ-ਕੈਮਰਾ ਬਿਆਨ ਕਰ ਸਕਦਾ ਹੈ। ਮੈਂ ਉਸ ਨੂੰ ਆਪਣੀ ਡਾਇਰੀ ਵਿਚ ਸਿਰਫ 9 ਅੱਖਰਾਂ ਵਿਚ ਹੀ ਦਰਜ ਕੀਤਾ ਹੈ :—

"ਸ਼ਾਮ ਦਾ ਸਮਾਂ ਮੈਂ ਇਲਾਹੀ ਸ਼ਕਤੀ ਦੀ ਇਕ ਲੀਲਾ ਵੇਖੀ, ਇਸ ਨੇ ਮੇਰੀ ਜ਼ਿੰਦਗੀ ਨੂੰ ਝੰਜੋੜ ਕੇ ਰਖ ਦਿੱਤਾ।"

ਹਾਂ, ਜਿੰਨਾ ਸਮਾਂ, ਮੈਂ ਉਥੇ ਰਿਹਾ, ਮੈਂ ਉਸ ਅਸਥਾਨ ਵਿਚ '**ਜੀਵਤ-ਸੰਗਤ**' ਨੂੰ ਸਿਮਰਨ, ਅਤੇ ਕਮਾਲ ਦਰਜੇ ਦੀ ਸੰਪੂਰਣ-ਸਮਰਪਣ ਭਾਵਨਾ ਨਾਲ, ਚਮਕਦੇ ਹੋਏ ਵੇਖਿਆ ਜੋ ਹਰ ਇਕ ਦੇ ਸਰੀਰ, ਮਨ ਅਤੇ ਆਤਮਾ ਦੀ ਹਾਲਤ ਤੋਂ ਆਪ-ਮੁਹਾਰੇ, ਖੁਸ਼ਬੂ ਦੀ ਤਰ੍ਹਾਂ, ਪ੍ਰਗਟ ਹੋ ਰਹੀ ਸੀ।

ਇਹ ਸਮਾਗਮ ਅਜੋਕੀ ਮਨੁਖੀ ਸਭਿਅਤਾ ਦੇ ਰੋਲੇ ਰਪੇ ਤੋਂ ਦੂਰ ਇਕ ਖੁਲ੍ਹੇ ਵਾਤਾਵਰਣ ਵਿਚ ਹੋਇਆ। ਇਥੇ ਦੀ ਹਰ ਇਕ ਆਤਮਾ ਵਾਹਿਗੁਰੂ ਦੇ ਪਿਆਰ ਅਤੇ

ਆਤਮਿਕ ਰਸ ਵਿਚ ਗਵਾਚ ਕੇ ਨਾਮ ਸਿਮਰਨ ਦੀ ਇਲਾਹੀ ਰੌਂ ਨਾਲ ਭਰਪੂਰ ਸੀ। ਸੰਗਤ ਬਹੁਤਾ ਸਮਾਂ ਇਲਾਹੀ ਕੀਰਤਨ ਵਿਚ ਗੁਜ਼ਾਰਦੀ ਸੀ। ਸੰਸਾਰ ਵਿਚ ਜੋ ਕਿਧਰੇ **ਅਸਲੀ ਪਿਆਰ** ਹੈ, ਤਾਂ ਇਥੇ ਹੀ ਵੇਖਣ ਅਤੇ ਮਾਨਣ ਨੂੰ ਮਿਲਿਆ। ਇਸ ਆਤਮਿਕ ਪਿਆਰ ਦਾ ਕੋਈ ਹੱਦ-ਬੰਨਾ ਨਹੀਂ ਸੀ। ਇਹ **'ਪਿਆਰ-ਛੋਹ'** ਜਿਸ ਨੂੰ ਵੀ ਲਗਦੀ ਸੀ, ਉਹ ਚੜ੍ਹਦੀ ਕਲਾ ਤੇ ਆਤਮਿਕ ਪ੍ਰਕਾਸ਼ ਨਾਲ ਭਰਪੂਰ ਹੋ ਜਾਂਦਾ ਸੀ, ਅਤੇ ਮਾਇਆ ਦੀ ਖਿੱਚ ਜਾਂ ਮਾਰ ਤੋਂ ਵੀ ਸੁਰਖਿਅਤ ਹੋ ਜਾਂਦਾ ਸੀ।

ਮੈਨੂੰ ਪਤਾ ਲਗਾ ਹੈ ਕਿ ਇਹੋ ਜਿਹੇ 15 ਦਿਨਾਂ ਦੇ ਸਮਾਗਮ 1976 ਤੋਂ ਚਲੇ ਆ ਰਹੇ ਹਨ। ਜਿਸ ਵਿਚ ਮੈਂ ਹਿੱਸਾ ਲਿਆ ਸੀ, ਇਹ ਉਸ ਲੜੀ ਦਾ ਚੌਥਾ ਸਮਾਗਮ ਸੀ। ਇਸ ਵਿਚ ਹਿੱਸਾ ਲੈਣ ਵਾਲੀ ਸੰਗਤ ਨੇ ਦਸਿਆ ਕਿ ਇਹੋ ਜਿਹੇ ਸਮਾਗਮ ਹਰ ਮਹੀਨੇ ਪੰਜਾਬ ਤੇ ਹਰਿਆਣਾ ਦੇ ਵੱਖ ਵੱਖ ਪਿੰਡਾਂ ਵਿਚ, ਜਿਥੇ ਵੀ ਕੋਈ ਮੰਗ ਕਰੇ, ਹੁੰਦਾ ਹੀ ਰਹਿੰਦਾ ਹੈ। ਇਹ ਸਿਰਫ਼ 2-3 ਦਿਨ ਦੇ ਹੁੰਦੇ ਹਨ। ਸਤਸੰਗੀ ਆਪਣਾ ਸਮਾਂ ਕਢ ਕੇ ਇਕੱਠੇ ਹੁੰਦੇ ਹਨ। ਵੈਸੇ ਉਹ ਹਰ ਹਫ਼ਤੇ ਆਪੋ ਆਪਣੇ ਟਿਕਾਣੇ ਤੇ ਵੀ ਸੰਗਤ ਕਰਦੇ ਰਹਿੰਦੇ ਹਨ।

ਮੇਰੀ ਸਮਝ ਵਿਚ ਇਹ ਆਇਆ ਹੈ ਕਿ ਸੰਗਤ ਵਿਚ ਹਿੱਸਾ ਲੈਣ ਵਾਲੇ ਸਾਰੇ ਸਾਊ ਤੇ ਨਰਮ ਸੁਭਾ ਦੇ ਵਿਅਕਤੀ ਹਨ, ਜੋ ਕਿਸੇ ਕਿਸਮ ਦੀ ਲਾਲਸਾ ਨਹੀਂ ਰਖਦੇ। ਮੈਂ ਤਾਂ ਇਹੀ ਕਹਾਂਗਾ ਉਹ ਸਾਰੇ ਭਰਾ-ਭਰਾ ਹਨ ਤੇ ਸਾਰੇ ਜਗਿਆਸੂ ਹਨ। ਉਹ ਸਾਰੇ ਦੇ ਸਾਰੇ ਪਰਮਾਤਮਾ ਨੂੰ ਮਿਲਣ ਦੀ ਤੀਬਰ ਇੱਛਾ ਰਖਦੇ ਹਨ। ਉਸ ਸੰਗਤ ਵਿਚ ਉਹ ਇਕੱਲੇ ਇਕੱਲੇ ਵੀ, ਤੇ ਪਰਿਵਾਰ ਸਮੇਤ ਵੀ, ਸ਼ਾਮਲ ਹੁੰਦੇ ਹਨ। ਸੋ ਉਥੇ ਭਾਈ ਤੇ ਭੈਣਾਂ, ਸਭ ਇਕੋ ਹੀ ਹਨ, ਮੈਂ ਤਾਂ ਉਨ੍ਹਾਂ ਬਾਰੇ ਇਹੀ ਕਹਾਂਗਾ ਕਿ ਉਹ **'ਕਮਲ' ਤੇ 'ਲਿੱਲੀ' ਦੇ ਫੁਲਾਂ ਸਮਾਨ ਹਨ,** ਜੋ ਕਿ ਉਸ ਵਾਹਿਗੁਰੂ ਦੇ ਆਪਣੇ ਬਗੀਚੇ ਵਿਚ ਖਿੜ ਰਹੇ ਹਨ, ਤੇ ਸੁਨਹਿਰੀ ਕਿਰਨਾਂ ਵਾਂਗ ਚਮਕ ਰਹੇ ਹਨ।

ਜੇਕਰ ਮੈਂ ਆਉਣ ਵਾਲੀ ਦੁਨੀਆਂ ਦਾ ਠੀਕ ਅਨੁਭਵ ਕਰ ਸਕਦਾ ਹਾਂ ਤਾਂ ਇਹੀ ਕਹਾਂਗਾ ਕਿ ਇਹ ਲਹਿਰ ਇਕ **'ਨਵੇਂ ਰੂਹਾਨੀ ਜੀਵਨ'** ਦੇ ਆਗਮਨ ਦੀ ਨਿਸ਼ਾਨੀ ਹੈ, ਜਿਹੜੀ ਕਿ ਛੇਤੀ ਹੀ ਜ਼ੋਰ ਫੜ ਕੇ ਬੜੀ ਤੇਜ਼ੀ ਨਾਲ ਅਗੇ ਵਧੇਗੀ। ਹਰ ਕੋਈ ਇਸ ਨੂੰ ਪਛਾਣੇਗਾ ਤੇ ਅਪਣਾਏਗਾ, ਕਿਉਂਕਿ ਇਹ ਭੁੱਲੇ ਭਟਕੇ ਵਿਅਕਤੀਆਂ ਦਾ ਕੰਮ ਨਹੀਂ, ਤੇ ਨਾ ਹੀ ਹੋ ਸਕਦਾ ਹੈ। ਇਹ ਤਾਂ ਉਹ **'ਆਪ', ਵਹਿਗੁਰੂ** ਸਭ ਕੁਝ ਕਰ ਰਿਹਾ ਹੈ। ਇਹ **'ਮਨੁਖਤਾ' ਦੇ ਸੁਨਿਹਰੀ ਸਮੇਂ ਦੇ ਆਉਣ ਤੋਂ ਪਹਿਲਾਂ ਦੇ ਚਿੰਨ੍ਹ ਹਨ**, ਅਤੇ ਇਹ ਉਹ ਆਵਾਜ਼ ਜਾਂ ਰੌਸ਼ਨੀ ਹੈ, ਜੋ ਕਿ ਰਾਮਰਾਜ, ਧਰਮਰਾਜ, **ਖਾਲਸਾ ਰਾਜ, ਜਾਂ ਕਹੋ**, ਪਰਮਾਤਮਾਂ ਦਾ ਇਸ ਧਰਤੀ ਪੁਰ ਸਿੰਘਾਸਣ ਸਥਾਪਨ ਹੋਣ ਤੋਂ ਪਹਿਲਾਂ ਹੁੰਦੀ ਹੈ। ਸੱਚ ਪੁਛੋ, ਤਾਂ ਇਥੋਂ ਵਾਹਿਗੁਰੂ ਦੇ **ਸਨੇਹੜਿਆਂ** ਦੀ ਵਰਖਾ ਹੁੰਦੀ ਹੈ।

(ਉਪਰੋਕਤ ਲਿਖਤ ਦੇ ਲਿਖੇ ਜਾਣ ਪਿਛੋਂ ਜੋ ਕੁਝ ਮੈਂ ਹੋਰ ਲਿਖਣਾ ਠੀਕ ਸਮਝਦਾ ਹਾਂ, ਉਹ ਅਸਲ ਲੇਖ ਲਿਖਣ ਤੋਂ ਪਿਛੋਂ ਲਿਖਿਆ ਗਿਆ ਹੈ—ਯੋਗੇਸ਼ਵਰ)

ਮੇਰੇ ਕੁਝ ਸ਼ਾਗਿਰਦਾਂ ਨੇ, ਜਿਨ੍ਹਾਂ ਮੇਰੀ ਬਿਨਾਂ ਦੱਸੀ 15 ਦਿਨਾਂ ਦੀ ਗ਼ੈਰ ਹਾਜ਼ਰੀ ਵਿਚ ਪਿਛੋਂ ਕੰਮ ਸਾਂਭਿਆ ਸੀ, ਇਹ ਮੰਗ ਕੀਤੀ ਹੈ ਕਿ ਸਾਨੂੰ ਉਸ ਮਹਾਂਪੁਰਸ਼ ਬਾਰੇ ਕੁਝ ਹੋਰ ਦਸੋ, ਜੋ ਕਿ ਇਸ ਸਾਰੀ ਲਹਿਰ ਨੂੰ ਚਲਾ ਰਿਹਾ ਹੈ। ਮੈਂ ਕਿਹਾ, ਅੱਛਾ ਭਾਈ ਤੁਸੀਂ ਮੈਨੂੰ ਉਸ ਦੀ ਜੀਵਨੀ ਬਾਰੇ ਪੁਛਦੇ ਹੋ ਤਾਂ ਸਾਫ਼ ਸਾਫ਼ ਕਹਿੰਦਾ ਹਾਂ ਕਿ ਮੈਨੂੰ ਕੁਝ ਵੀ ਨਹੀਂ ਪਤਾ ਕਿ ਉਹ ਕੌਣ ਹਨ ? ਮੈਂ ਕਈਆਂ ਤੋਂ ਉਨ੍ਹਾਂ ਦਾ ਨਾਮ ਪੁਛਿਆ, ਤਾਂ ਉਨ੍ਹਾਂ ਕਿਹਾ, ਅਸੀਂ ਤਾਂ ਨਹੀਂ ਜਾਣਦੇ। ਸਿਰਫ਼ **ਇਤਨਾ ਪਤਾ ਹੈ ਕਿ ਉਹ ਸਾਡੇ 'ਬਾਊ ਜੀ'** ਹਨ। ਕਈ ਇਕ ਦਮ ਬੋਲ ਉਠੇ, ਉਹ ਸਾਡੀ **'ਮਾਂ' ਹੈ।** ਮੈਨੂੰ ਜਲਦੀ ਹੀ ਪਤਾ ਚਲ ਗਿਆ ਕਿ ਉਹ ਉਸ ਸੰਗਤ ਵਿਚ ਆਉਣ ਵਾਲੇ ਸਾਰਿਆਂ ਲਈ **'ਮਾਂ'** ਤੇ ਕਈਆਂ ਲਈ ਇਸ ਤੋਂ ਵੀ ਵੱਧ ਹਨ। ਮੈਂ ਤਾਂ ਇਹੀ ਅਨੁਭਵ ਕੀਤਾ ਹੈ ਕਿ ਉਹ ਬਖ਼ਸ਼ਿਸ਼ ਨਾਲ ਭਰਪੂਰ ਹਨ, ਜਿਸ ਨਾਲ ਕਿ ਨਿੱਘੀ ਸੰਗਤ ਕਰਨ ਵਾਲੇ ਇਤਨੀ ਜਲਦੀ ਪ੍ਰਭਾਵਤ ਹੋ ਕੇ **ਬਦਲ** ਜਾਂਦੇ ਹਨ ਤੇ ਉਨ੍ਹਾਂ ਵੱਲ **'ਖਿੱਚੇ'** ਜਾਂਦੇ ਹਨ।

ਇਕ ਨਰਮ ਸੁਭਾ ਤੇ ਚੁਪਚਾਪ ਰਹਿਣ ਵਾਲਾ ਆਦਮੀ ਕਿਸੇ ਬਾਹਰਲੇ ਦੇਸ਼ ਵਿਚੋਂ ਉਸ ਸੰਗਤ ਵਿਚ ਆਇਆ ਸੀ। ਇਕ ਦਿਨ ਉਹ ਮੇਰੇ ਕੰਨ ਵਿਚ ਕਹਿਣ ਲੱਗਾ, "ਸਵਾਮੀ ਜੀ ! ਜਦੋਂ ਮੈਂ ਉਨ੍ਹਾਂ ਦੀ ਸੰਗਤ ਕਰਦਾ ਹਾਂ, ਤਾਂ ਮੈਨੂੰ ਉਨ੍ਹਾਂ ਵਿਚ **'ਨਾਨਕ ਪਿਆਰ' ਦੀ 'ਝਲਕ'** ਦਿਖਾਈ ਦੇਂਦੀ ਹੈ, ਇਹ ਕਿਉਂ ? ਕੀ ਇਹ ਮੇਰੀਆਂ ਅੱਖਾਂ ਦਾ ਭਰਮ ਹੈ ? ਕੀ ਤੁਸੀਂ ਮੈਨੂੰ ਸਮਝਾ ਸਕਦੇ ਹੋ ਕਿ ਇਹ ਕੀ ਹੈ ? ਮੈਨੂੰ ਇਹ ਦਸੋ ਕਿ ਕੀ ਇਹ ਸੱਚ ਹੈ, ਜਾਂ ਖ਼ਿਆਲੀ ਭੁਲੇਖਾ ਹੈ ?"

ਮੈਂ ਉਸ ਦੀ, ਇਹ ਗੱਲ ਕਹਿ ਕੇ ਤਸੱਲੀ ਕਰਵਾਈ ਕਿ "ਹਰ ਇਨਸਾਨ ਵਿਚ ਰੱਬੀ ਜੋਤ ਹੈ, ਪਰ ਪਵਿੱਤਰ ਆਤਮਾ ਵਿਚ ਉਸ **ਜੋਤ ਦਾ ਪ੍ਰਕਾਸ਼ ਅਨੁਭਵ ਹੁੰਦਾ ਹੈ।"** ਮੇਰੀ ਗੱਲ ਨਾਲ ਉਸ ਦੀ ਤਸੱਲੀ ਹੋ ਗਈ। ਫਿਰ ਉਹ ਕਹਿਣ ਲਗਾ, "ਮੈਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੋ ਰਹੀ ਹੈ ਕਿ ਇਤਨੀ ਉੱਚੀ ਸ਼ਖ਼ਸੀਅਤ ਦੇ ਹੁੰਦਿਆਂ ਵੀ ਉਹ ਆਪਣੀ ਹੋਂਦ ਮਹਿਸੂਸ ਨਹੀਂ ਹੋਣ ਦਿੰਦੇ। ਜਦੋਂ ਭੋਲੇ ਭਾਲੇ ਲੋਕ ਉਨ੍ਹਾਂ ਦੀ ਵਡਿਆਈ ਕਰਦੇ ਹਨ ਤਾਂ ਅਗੋਂ ਇਹੀ ਕਹਿੰਦੇ ਹਨ, "ਇਹ ਸਭ ਗੁਰੂ ਨਾਨਕ ਦੀ ਬਖ਼ਸ਼ਿਸ਼ ਹੈ ਤੇ ਵਾਹਿਗੁਰੂ ਦੀ ਦਾਤ ਹੈ।" ਇਸ ਗੁਰਮੁਖ ਦੁਆਰਾ, ਗੁਰੂ ਘਰ ਦੀ ਕੀਤੀ ਜਾਂਦੀ ਇਸ ਸੇਵਾ ਦਾ, ਅੱਖਰਾਂ ਰਾਹੀਂ ਬਿਆਨ ਕਰਨਾ ਮੁਸ਼ਕਿਲ ਹੈ।

ਜਦੋਂ ਤੁਸੀਂ ਉਸ ਵਲ ਝਾਕਦੇ ਹੋ, ਤਾਂ ਤੁਸੀਂ ਉਸ ਵਲ ਜ਼ਰੂਰ ਹੀ **ਖਿਚੇ ਜਾਂਦੇ ਹੋ** ਤੇ ਫਿਰ ਉਸ ਤੋਂ ਦੂਰ ਨਹੀਂ ਜਾ ਸਕਦੇ। ਸਰੀਰਕ ਤੌਰ ਤੇ ਭਾਵੇਂ ਦੂਰ ਚਲੇ ਜਾਵੋ, ਪਰ ਉਸ ਦਾ **ਆਤਮਿਕ ਅਸਰ** ਤੁਹਾਡੇ ਨਾਲ ਰਹਿੰਦਾ ਹੈ। ਜਦੋਂ ਤੁਸੀਂ ਉਸਦੇ ਕੋਲ ਹੋਵੋ, ਤਾਂ ਪੱਥਰ ਦੀ ਮੂਰਤ ਬਣ ਕੇ, ਟਿਕ ਕੇ ਖੜੋ ਜਾਂਦੇ ਹੋ, ਤੇ ਉਸ ਦੀਆਂ ਚਮਕਦੀਆਂ ਅੱਖਾਂ ਵਿਚ ਵੇਖਣ ਲਗ ਜਾਂਦੇ ਹੋ, ਤੇ ਉਦੋਂ ਤਕ ਵੇਖੀ ਹੀ ਜਾਂਦੇ ਹੋ, ਜਦੋਂ ਤਕ ਕਿ ਤੁਸੀਂ ਕਿਸੇ ਸਰੂਰ ਵਿਚ ਮਸਤ ਹੋ ਕੇ ਉਨ੍ਹਾਂ ਦੀ ਝੋਲੀ ਵਿਚ ਡਿਗ ਨਹੀਂ ਪੈਂਦੇ ! ਤੁਹਾਡੇ

ਇਹ ਮਹਿਸੂਸ ਕਰਨ ਤੋਂ ਪਹਿਲਾਂ ਕਿ ਤੁਸੀਂ ਕਿਥੇ ਹੋ, ਤੁਹਾਨੂੰ ਉਸ ਦੀ '**ਚੁੰਬਕ ਛੋਹ**' ਦਾ ਅਸਰ ਹੋ ਚੁਕਿਆ ਹੁੰਦਾ ਹੈ, ਤੇ **ਇਕੋ ਝਲਕ ਵਿਚ ਹੀ** ਤੁਹਾਡੀ **ਜ਼ਿੰਦਗੀ ਹੋਰ ਦੀ ਹੋਰ ਹੋ ਜਾਂਦੀ ਹੈ।** ਜਦੋਂ ਤੁਹਾਨੂੰ ਉਸ ਮਸਤੀ ਤੋਂ ਬਾਅਦ ਜਾਗ ਆਉਂਦੀ ਹੈ, ਤਾਂ ਤੁਹਾਡੀ ਆਤਮਾ ਨੂੰ ਇਕ '**ਨਵਾਂ-ਉਤਸ਼ਾਹ**' ਤੇ '**ਨਵਾਂ-ਚਾਨਣ**' ਮਿਲ ਚੁਕਿਆ ਹੁੰਦਾ ਹੈ। ਤੁਹਾਨੂੰ ਇਕ **ਨਵਾਂ "ਜੀਵਨ"** ਮਿਲ ਜਾਂਦਾ ਹੈ, ਤੇ ਤੁਹਾਡੀ ਇਕ **ਨਵੀਂ "ਮਾਂ"** ਬਣ ਜਾਂਦੀ ਹੈ, ਜਿਹੜੀ ਆਪਣੇ ਸਾਰੇ ਬੱਚਿਆਂ ਲਈ ਪਿਆਰ ਨਾਲ ਭਰੀ ਪਈ ਹੈ। ਜੋ ਹਰ ਇਕ ਤਰ੍ਹਾਂ ਦੇ ਧੋਖੇ, ਫਰੇਬ, ਵਿਖਾਵੇ, ਨਫ਼ਰਤ, ਬੁਰਿਆਈ ਤੇ ਹੋਰ ਹਰ ਤਰ੍ਹਾਂ ਦੇ ਮਾੜੇ ਖਿਆਲਾਂ ਵਿਰੁਧ ਪਵਿੱਤਰ ਸੰਘਰਸ਼ ਕਰ ਰਹੀ ਹੈ।

ਮੈਨੂੰ ਤਾਂ ਉਸ ਦੇ ਸਾਰੇ ਹੀ ਕੰਮ ਭਲਾਈ ਵਾਲੇ ਲਗਦੇ ਹਨ, ਜਿਨ੍ਹਾਂ ਵਿਚੋਂ ਉਸ ਦਾ **ਘੁਟ-ਘੁਟ ਕੇ ਪਿਆਰ ਦੇਣਾ**, ਸਭ ਤੋਂ ਉਤਮ ਕੰਮ ਹੈ। ਇਹ ਉਹ ਪਿਆਰ ਹੈ, ਜੋ **ਰੂਹਾਨੀਅਤ ਦੀ ਚੰਗਿਆੜੀ ਹੈ।** ਇਹ ਉੱਚਾ, ਸੁੱਚਾ ਤੇ ਸੱਚਾ '**ਰੱਬੀ ਪਿਆਰ**' ਹੈ, ਜੋ ਦੁਨਿਆਵੀ ਪਿਆਰ ਨਾਲੋਂ ਬਹੁਤ **ਉੱਚਾ ਤੇ ਵਿਲੱਖਣ ਹੈ।** ਇਹ ਤਾਂ ਇੰਜ ਉਛਲ-ਉਛਲ ਪੈ ਰਿਹਾ ਹੈ, ਜਿਵੇਂ ਪਹਾੜ ਵਿਚੋਂ '**ਲਾਵਾ**' ਫੁਟਦਾ ਹੈ। ਇਹ ਤਾਂ ਉਸ ਦੇ ਨਿੱਘੇ ਤੇ ਪਿਆਰੇ ਹਿਰਦੇ ਵਿਚੋਂ ਇਕ ਠੰਢੇ ਚਸ਼ਮੇ ਦੀ ਤਰ੍ਹਾਂ **ਫੁੱਟ ਫੁੱਟ** ਪੈ ਰਿਹਾ ਹੈ। ਸਾਰੇ, ਉਸ ਦੀ ਪਿਆਰ ਭਰੀ ਵਰਖਾ ਨਾਲ ਨਿਹਾਲ ਹੋ ਜਾਂਦੇ ਹਨ ਜਿਸ ਨਾਲ ਉਨ੍ਹਾਂ ਦੀ **ਕਾਇਆ-ਕਲਪ** ਹੋ ਜਾਂਦੀ ਹੈ। ਮੈਂ ਉਨ੍ਹਾਂ ਨੂੰ ਇਕੋ ਸਮੇਂ ਕਈ ਕੰਮ ਕਰਦੇ ਵੇਖਿਆ ਹੈ, ਕਿਸੇ ਵੇਲੇ ਲਗਦਾ ਹੈ ਕਿ ਉਹ ਕੁਝ ਨਹੀਂ ਕਰ ਰਹੇ, ਪਰ ਅਸਲੀਅਤ ਵਿਚ ਉਹ **ਬਹੁਤ ਕੁਝ ਕਰ ਰਹੇ ਹੁੰਦੇ ਹਨ।** ਇਥੋਂ ਦੇ ਇਕ ਵਡੇ ਪੁਲਿਸ ਅਫ਼ਸਰ ਤੋਂ ਪਤਾ ਲਗਾ ਹੈ ਕਿ ਦੋਦੜਾ ਪਿੰਡ, ਪੁਲਿਸ ਰਿਕਾਰਡ ਵਿਚ, ਭਾਰਤ ਦੇ ਭੈੜੇ ਤੋਂ ਭੈੜੇ ਹਿਸੇ ਦੇ ਜ਼ਿਲੇ ਵਿਚ ਇਕ ਵਿਗੜਿਆ ਪਿੰਡ ਸੀ। ਬਹੁਤੇ ਲੋਕ ਸ਼ਰਾਬ, ਅਫ਼ੀਮ ਤੇ ਹੋਰ ਨਸ਼ਿਆਂ ਦਾ ਸੇਵਨ ਕਰਨ ਦੇ ਆਦੀ ਸਨ। ਪਿਛਲੇ ਸੋਲ੍ਹਾਂ ਸਾਲਾਂ ਵਿਚ ਬਾਉ ਜੀ ਦੀ ਅਣਥੱਕ ਘਾਲਣਾ ਨੇ, ਕਰੜੀ ਵਿਰੋਧਤਾ ਦੇ ਬਾਵਜੂਦ, ਇਥੋਂ ਦੀ ਵੱਧ ਤੋਂ ਵੱਧ ਵਸੋਂ ਨੂੰ, ਸਿਧੇ ਰਸਤੇ ਤੇ ਪਾ ਦਿੱਤਾ ਹੈ। ਹੁਣ ਇਥੋਂ ਦੀ ਅੱਧੀ ਤੋਂ ਵੱਧ ਵਸੋਂ ਅੰਮ੍ਰਿਤਧਾਰੀ ਸਿੱਖਾਂ ਦੀ ਹੈ। ਇਸ ਕਿਸਮ ਦੇ ਸੁਧਾਰ ਲਈ ਉਨ੍ਹਾਂ ਦਾ ਹਥਿਆਰ ਕੇਵਲ '**ਪਿਆਰ**' ਅਤੇ '**ਪਿਆਰ ਭਰੀ ਮੁਸਕਰਾਹਟ**' ਹੀ ਹੈ। ਇਸ ਦਵਾਰਾ ਹੀ ਉਹ **ਜਿੱਤਾਂ** ਪ੍ਰਾਪਤ ਕਰੀ ਗਏ। ਮੈਂ ਤਾਂ ਇਸ ਨੂੰ ਇਕ ਨਵੀਂ **ਰਸਭਰੀ** ਇਲਾਹੀ ਵਿਸ਼ਵ ਆਤਸ਼ਬਾਜ਼ੀ (I. C. B. M.) ਸਮਝਦਾ ਹਾਂ। ਇਨ੍ਹਾਂ ਨੇ ਕਿਸੇ ਸਮੇਂ ਵੀ ਕਿਸੇ ਨੂੰ ਕੋਈ ਰੋਸ ਜਾਂ ਧਮਕੀ ਨਹੀਂ ਦਿੱਤੀ ਉਹ ਹਮੇਸ਼ਾਂ ਵੈਰ ਵਿਰੋਧ ਨੂੰ ਭੁਲ ਕੇ, ਦੁਸ਼ਮਣ ਨੂੰ ਵੀ '**ਜੱਫੀ**' **ਵਿਚ ਲੈ ਕੇ** ਆਪਣਾ ਦੋਸਤ ਬਣਾ ਲੈਂਦੇ ਹਨ।

ਉਨ੍ਹਾਂ ਦੀਆਂ ਅਣਥੱਕ ਤੇ ਨਿੱਘੀਆਂ ਕੋਸ਼ਿਸ਼ਾਂ ਨਾਲ ਕਲਜੁਗ ਵਿਚ ਵੀ ਇਕ ਅਨੋਖੀ ਸੰਸਥਾ ਬਣ ਗਈ ਹੈ। ਮੈਂ ਤਾਂ ਕਹਾਂਗਾ ਕਿ ਉਹ **ਆਪ ਹੀ ਇਕ ਸੰਸਥਾ ਹਨ।**

ਜੋ ਵੀ ਉਸ ਸੰਗਤ ਵਿਚ ਹਿੱਸਾ ਲੈਂਦੇ ਹਨ, ਜਾਂ ਉਸ ਨਾਲ ਪਿਆਰ ਕਰਦੇ ਹਨ, ਉਹ ਸਾਰੇ **ਨਾਮ-ਰਸ** ਤੇ **ਰੱਬੀ-ਪਿਆਰ** ਨਾਲ ਝੋਲੀਆਂ ਭਰ-ਭਰ ਕੇ ਲੈ ਜਾਂਦੇ ਹਨ। ਇਸ ਸੰਗਤ ਦੇ ਵਿਅਕਤੀ-ਬੁਰਿਆਈ ਦੇ ਵਿਰੁਧ, ਇਕ ਜ਼ੋਰਦਾਰ ਘੋਲ ਕਰ ਰਹੇ ਹਨ, ਤੇ ਇਸ ਯੁੱਧ ਵਿਚ ਉਨ੍ਹਾਂ ਦਾ ਹਥਿਆਰ ਹੈ-**ਉਨ੍ਹਾਂ ਦਾ ਸੱਚਾ-ਸੁੱਚਾ ਤੇ ਉੱਚਾ ਜੀਵਨ।** ਉਨ੍ਹਾਂ ਦਾ ਮੰਤਵ ਹੈ ਸਾਰੀ ਮਨੁੱਖਤਾ ਨੂੰ **ਸੱਚੇ ਤੇ ਸੁੱਚੇ ਜੀਵਨ ਵਿਚ ਢਾਲਣਾ।**

ਅਖਾਉਤੀ ਕਰਾਮਾਤਾਂ, ਜੋ ਕਿ ਆਮ ਦੁਨਿਆਵੀ ਸਾਧ, ਸੰਤ ਕਰਦੇ ਹਨ, ਜਿਵੇਂ ਕਿ ਕਿਸੇ ਨੂੰ ਔਲਾਦ ਦੇ ਦੇਣੀ, ਕਿਸੇ ਦਾ ਕਾਰੋਬਾਰ ਚਲਾ ਦੇਣਾ, ਜਾਂ ਕਿਸੇ ਮੁਰਦੇ ਨੂੰ ਜੀਵਤ ਕਰ ਦੇਣਾ, ਇਹੋ ਜਿਹੀਆਂ ਕਰਾਮਾਤਾਂ ਦੀ ਬਾਊ ਜੀ ਸਖ਼ਤ ਵਿਰੋਧਤਾ ਕਰਦੇ ਹਨ, ਤੇ ਇਹੋ ਜਿਹੀਆਂ ਕਰਾਮਾਤਾਂ ਦਿਖਾਉਣ ਵਾਲੇ ਨੂੰ, ਬਾਊ ਜੀ ਸੰਤ ਜਾਂ ਸਾਧ ਨਹੀਂ ਮੰਨਦੇ। **ਅਸਲੀ ਕਰਾਮਾਤ** ਤਾਂ ਇਹ ਹੈ ਕਿ ਕਿਸੇ **ਡਾਕੂ ਜਾਂ 'ਚੋਰ' ਨੂੰ ਸੰਤ ਬਣਾ ਦੇਣਾ, 'ਦੁਸ਼ਮਣ' ਨੂੰ 'ਦੋਸਤ' ਵਿਚ ਬਦਲ ਕੇ ਰਖ ਦੇਣਾ।** ਬਾਊ ਜੀ ਦੀਆਂ 'ਕਰਾਮਾਤਾਂ' ਜੀਉਂਦੀਆਂ ਜਾਗਦੀਆਂ ਹਨ, ਜਿਸ ਨੇ ਇਨਸਾਨਾਂ ਨੂੰ ਜਮਦੂਤਾਂ ਦੇ ਚਬਾ-ਦੇਣ ਵਾਲੇ ਦੰਦਾਂ ਥਲਿਓਂ ਬਚਾ ਲਿਆ ਹੈ। ਕਈ ਬੰਦਿਆਂ ਦਾ ਉਨ੍ਹਾਂ ਨੇ **'ਜੀਵਨ' ਹੀ ਬਦਲ ਦਿੱਤਾ।** ਇਹ ਹੀ ਉਨ੍ਹਾਂ ਦੀ **ਅਸਲੀ ਤੇ ਸਭ ਤੋਂ ਵੱਡੀ ਦੇਣ ਹੈ।**

ਪਰਮਾਤਮਾਂ ਨੇ ਇਨ੍ਹਾਂ ਵਿਚ ਨਿਮਰਤਾ, ਉਦਾਰਤਾ ਤੇ ਰੱਬੀ ਪਿਆਰ ਕੁਟ ਕੁਟ ਕੇ ਭਰ ਦਿਤਾ ਜਾਪਦਾ ਹੈ। ਪਰਮਾਤਮਾਂ ਅਗੇ ਮੇਰੀ ਅਰਦਾਸ ਹੈ ਕਿ ਇਨ੍ਹਾਂ ਦੇ ਇਸ **ਰੱਬੀ ਪਿਆਰ ਦੀ ਛੋਹ** ਵੱਧ ਤੋਂ ਵੱਧ ਲੋਕਾਂ ਨੂੰ ਪ੍ਰਾਪਤ ਹੋਵੇ, ਤੇ ਉਹ ਰੱਬੀ ਪਿਆਰ, ਵਾਹਿਗੁਰੂ ਦੀ ਵਡਿਆਈ, ਮਾਨ, ਸ਼ਕਤੀ, ਸਦਾ ਭਲਾਈ ਅਤੇ ਸਦਾ ਮਿਹਰਾਂ ਵਾਲੇ ਪਿਆਰ ਦੀ 'ਰੌਸ਼ਨੀ' ਵੰਡਦੇ ਰਹਿਣ। ਇਹ **'ਪਿਆਰ-ਵਰਖਾ'** ਦੁਨੀਆਂ ਦੇ ਕੋਨੇ ਕੋਨੇ ਵਿਚ ਵਰ੍ਹੇ। ਇਕ ਵਾਰੀ ਕਿਸੇ ਨੇ ਕਿਹਾ ਕਿ ਬਾਊ ਜੀ **'ਪਿਆਰ ਦੇ ਸਮੁੰਦਰ'** ਵਿਚ ਤਾਰੀਆਂ ਲਾਉਂਦੇ ਹਨ ਮੈਥੋਂ ਰਿਹਾ ਨਾ ਗਿਆ, ਤੇ ਮੈ ਇਕ ਦਮ ਬੋਲਿਆ, "ਨਹੀਂ, **ਉਹ ਤਾਂ ਆਪ ਹੀ ਪਿਆਰ ਦੇ ਸਮੁੰਦਰ ਹਨ।"**

ਬੜੇ ਡੂੰਘੇ ਹਿਰਦੇ ਵਿਚੋਂ ਮੇਰੀ ਭੀ ਅਰਦਾਸ ਹੈ, ਕਿ ਪਰਮਾਤਮਾਂ ਉਨ੍ਹਾਂ ਨੂੰ ਹੋਰ ਵੀ ਤਾਕਤ ਬਖ਼ਸ਼ੇ, ਉਨ੍ਹਾਂ ਦਾ ਚਲਾਇਆ **'ਪਰਿਵਾਰ'** ਹਮੇਸ਼ਾਂ ਵਧਦਾ ਫੂਲਦਾ ਰਹੇ।

14-4-1979 (ਸਵਾਮੀ) ਯੋਗੇਸ਼ਵਰ

# ਦੂਜੀ ਝਲਕ

ਦੌਦੜੇ ਪਹੁੰਚਦਿਆਂ ਹੀ ਮੇਰਾ ਮਨ ਇਹ ਦੇਖ ਕੇ ਖਿੜ ਗਿਆ ਕਿ ਇਥੇ ਹਰ ਵਿਅਕਤੀ—ਬੱਚਾ, ਬੁੱਢਾ, ਜਵਾਨ, ਆਤਮਿਕ ਰੰਗ ਵਿਚ ਰੰਗਿਆ ਹੋਇਆ ਹੈ। ਮੈਂ ਇਹ ਦੇਖਿਆ ਕਿ ਇਥੇ ਹਰ ਸ਼ਰਧਾਲੂ **ਆਤਮਿਕ ਸ਼ਕਤੀ ਦਾ ਇਕ ਚਲਦਾ ਫਿਰਦਾ ਜੈਨਰੇਟਰ ਸੀ।** ਇਹ ਸ਼ਕਤੀ ਉਨ੍ਹਾਂ ਨੇ ਆਪਣੇ ਅੰਦਰ ਬਿਰਾਜਮਾਨ 'ਸਰਬ-ਸ਼ਕਤੀਮਾਨ' ਤੋਂ ਲਈ ਹੈ, ਤੇ ਇਸ ਸ਼ਕਤੀ ਨੂੰ ਨਿਰਗੁਣ ਤੋਂ ਸਰਗੁਣ ਵਿਚ ਤਬਦੀਲ ਹੋ ਕੇ ਨਿਤਾਪ੍ਰਤੀ ਜ਼ਿੰਦਗੀ ਵਿਚ ਵਰਤਦਿਆਂ ਦੇਖਿਆ।

ਇਥੇ ਹਰ ਆਤਮਾ ਦੂਸਰੀਆਂ ਆਤਮਾਵਾਂ ਨਾਲ **ਲੇਵਾ ਦੇਵੀ** ਕਰ ਰਹੀ ਸੀ। ਇਸ ਲੇਵਾ ਦੇਵੀ ਵਿਚ ਕੋਈ ਵੀ ਉਮਰ ਜਾਂ ਲਿੰਗ ਆਦਿ ਤੋਂ ਚੇਤੰਨ ਨਹੀਂ ਸੀ। ਉਹ ਸਾਰੇ ਤਾਂ ਸਿਰਫ਼ ਇਤਨਾ ਹੀ ਜਾਣਦੇ ਸਨ ਕਿ ਉਹ ਸਿਰਫ ਰੂਹਾਂ, ਅਤੇ ਕੇਵਲ ਰੂਹਾਂ ਹੀ ਹਨ, ਇਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ।

ਇਸ ਬੁੰਗੇ ਦੀ ਚਾਰ ਦਿਵਾਰੀ ਦੇ ਅੰਦਰ ਜਿਹੜੀਆਂ ਆਤਮਾਵਾਂ ਨਿਵਾਸ ਕਰ ਰਹੀਆਂ ਸਨ, ਉਹ ਆਮ ਦੁਨਿਆਵੀ ਆਤਮਾਵਾਂ ਤੋਂ ਭਿੰਨ ਸਨ। ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਇਨ੍ਹਾਂ ਸਾਰੀਆਂ ਆਤਮਾਵਾਂ ਨੂੰ ਆਤਮਿਕ ਗਿਆਨ ਅਤੇ ਆਤਮਿਕ ਪ੍ਰਕਾਸ਼ ਹੋ ਚੁਕਿਆ ਸੀ, ਅਤੇ ਇਹ ਵੱਖ ਵੱਖ ਦਰਜਿਆਂ ਤੇ ਇਸ ਪ੍ਰਕਾਸ਼ ਨਾਲ ਦੂਜੀਆਂ ਰੂਹਾਂ ਨੂੰ **ਰੋਸ਼ਨਾ ਰਹੀਆਂ ਸਨ।** ਇਕ ਪਾਸੇ ਇਹ ਸਾਰੀਆਂ ਆਤਮਾਵਾਂ ਇਲਾਹੀ ਰੋਸ਼ਨੀ ਅਤੇ ਸ਼ਕਤੀ ਲੈ ਰਹੀਆਂ ਸਨ, ਅਤੇ ਦੂਸਰੇ ਪਾਸੇ ਇਹ ਸ਼ਕਤੀ ਦੂਜਿਆਂ ਨੂੰ **ਦੇਣ ਵਿਚ** ਰੇਡੀਏਟਰਜ਼ (Radiators) ਦਾ ਕੰਮ ਕਰ ਰਹੀਆਂ ਸਨ।

ਇਹ ਆਤਮਾਵਾਂ ਸਿੱਧੀਆਂ ਅਤੇ ਲਗਾਤਾਰ ਆਪਣੇ ਆਦਿ ਮੂਲ 'ਸੋਮੇ' ਨਾਲ **ਜੁੜੀਆਂ** ਰਹਿੰਦੀਆਂ ਹਨ। ਇਹ ਆਪਣਾ **'ਆਪਾ'** ਭਾਵ ਗਵਾ ਚੁਕੀਆਂ ਹਨ, ਅਤੇ ਆਪਣੇ ਮੂਲ ਸ੍ਰੋਤ ਵਿਚ ਲਿਵਲੀਨ ਹੋ ਕੇ, ਮੁੜ ਸੁਰਜੀਤ ਹੋ ਰਹੀਆਂ ਹਨ। ਇਹ ਆਤਮਾਵਾਂ, ਰਹਿਮਤਾਂ ਦੇ ਸਮੁੰਦਰ ਵਿਚ ਇਕ ਬੂੰਦ ਦੀ ਤਰ੍ਹਾਂ ਹਨ, ਜਿਨ੍ਹਾਂ ਨੇ ਆਪਣਾ ਮਨ, ਪਦਾਰਥਵਾਦੀ ਸੰਸਾਰ ਵਿਚੋਂ **ਤੋੜ ਕੇ**, ਸਰਬ-ਸ਼ਕਤੀਮਾਨ ਵਾਹਿਗੁਰੂ ਨਾਲ **ਜੋੜ ਲਿਆ ਹੈ।**

ਹੈਰਾਨ ਕਰਨ ਵਾਲੀ ਚੀਜ਼ ਇਹ ਹੈ ਕਿ ਇਹ ਸਾਰੇ ਵਿਅਕਤੀ ਇਸ ਅਵਸਥਾ ਵਿਚ ਵਿਚਰਦੇ ਹੋਏ, ਆਪਣੇ ਗ੍ਰਿਹਸਥੀ ਜੀਵਨ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵੀ

ਪੂਰਨ ਤੌਰ ਤੇ ਨਿਭਾ ਰਹੇ ਹਨ। ਵੇਖਣ ਤੋਂ ਭਾਵੇਂ ਇਹ ਇਸੇ ਦੁਨੀਆਂ ਦੇ ਵਾਸੀ ਲਗਦੇ ਹਨ, ਪਰ ਅਸਲੀਅਤ ਵਿਚ ਅੰਦਰੂਨੀ (ਆਤਮਿਕ) ਤੌਰ ਤੇ ਇਹ ਆਪਣੀ ਇਕ **ਵੱਖਰੀ ਦੁਨੀਆਂ ਵਿਚ ਵਿਚਰ ਰਹੇ ਹਨ।**

**ਤੀਸਰੀ ਅੱਖ** ਨਾਲ ਵੇਖਿਆਂ ਮੈਨੂੰ ਪ੍ਰਤੱਖ ਮਹਿਸੂਸ ਹੋ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਅਜਿਹੀ ਪਰਲੋਂ ਆਉਣੀ ਹੈ, ਜਿਸ ਨਾਲ 12-12 ਕੋਹਾਂ ਤੇ ਦੀਵਾ ਜਗੇਗਾ, ਤੇ ਇਹ ਕੇਵਲ ਏਹੋ ਜੇਹੇ ਜਗਿਆਸੂਆਂ ਜਾਂ ਅਭਿਆਸੀਆਂ ਦੇ ਘਰ ਹੀ ਹੋਣਗੇ, ਜਿਥੇ ਇਹ ਦੀਵਾ ਜਗਦਾ ਦਿਸੇਗਾ। ਦੂਸਰੇ ਲੋਕ ਭੈੜੀ ਅਤੇ ਬਦਕਿਸਮਤੀ ਦੀ ਮੌਤ ਮਰ ਕੇ ਨਰਕ ਵਿਚ ਪਹੁੰਚਣਗੇ। ਇਹ ਦੇਵਤੇ ਹਨ ਜੋ ਪਰਮਾਤਮਾ ਕੋਲੋਂ ਆਏ ਹਨ, ਤੇ ਹੁਣ ਵੀ ਉਸ ਦੇ ਨਾਲ ਰਹਿੰਦੇ ਹਨ, ਅਤੇ ਅੰਤ ਨੂੰ ਵੀ ਉਸੇ ਸਰਬ-ਸ਼ਕਤੀਮਾਨ ਕੋਲ ਹੀ ਵਾਪਸ ਜਾਣਗੇ।

ਆਤਮਾ ਦਾ ਪਰਮਾਤਮਾ ਵਲ ਵੱਧਣਾ, ਕੁਦਰਤੀ ਝੁਕਾਉ ਹੈ, ਜੋ ਸੰਸਾਰ ਵਿਚ ਅਡੋਲ ਆਪਣੇ ਆਪ ਵਾਪਰ ਰਿਹਾ ਹੈ—ਇਸ **ਇਲਾਹੀ ਲੀਲਾ** ਦੀ ਪ੍ਰਤੱਖ ਤਸਵੀਰ ਇਸ ਬੁੰਗੇ 'ਚ ਸਾਫ਼ ਨਜ਼ਰ ਆਉਂਦੀ ਹੈ। ਇਥੋਂ ਦਾ 'ਚਾਰਜ' ਹੋਇਆ ਵਾਤਾਵਰਣ, ਜਿਹੜਾ ਕਿ ਮੂਲ ਆਤਮਾ ਜਾਂ ਮੂਲ-ਸ਼ਕਤੀ ਦੇ ਦੁਆਲੇ ਘੁੰਮਦਾ ਹੈ, ਤੇਜ਼ੀ ਨਾਲ ਵਿਅਕਤੀ ਦੀ ਆਤਮਾ ਤੇ ਪ੍ਰਭਾਵ ਪਾ ਕੇ ਉਸ ਨੂੰ ਮੂਲ-ਆਤਮਾ ਵੱਲ **ਖਿਚ ਰਿਹਾ ਹੈ।**

ਇਸ ਬੁੰਗੇ ਵਿਚ ਹੋ ਰਹੇ ਇਸ ਸਾਰੇ ਆਤਮਿਕ ਅੰਦੋਲਨ ਦਾ ਮੋਢੀ ਕੌਣ ਹੈ? ਤੇ ਇਸ ਦਾ ਪਿਛੋਕੜ ਕੀ ਹੈ? ਇਹ ਸਾਰਾ ਕੁਝ ਵੇਖਣ ਲਈ ਮੈਨੂੰ ਸਮਾਧੀ ਵਿਚ ਬੈਠਣਾ ਪਿਆ, ਮੈਂ ਅਕਾਸ਼-ਮੰਡਲ ਦੇ 'ਰਿਕਾਰਡ' ਨੂੰ ਪੜ੍ਹਿਆ ਹੈ, ਤੇ ਦੇਖਿਆ ਕਿ ਇਸ ਦਾ ਇਹ ਮੋਢੀ ਇਕੱਲਾ ਹੀ ਨਹੀਂ ਸਗੋਂ ਵਾਹਿਗੁਰੂ ਦੀ ਬਖਸ਼ਿਸ਼ ਨਾਲ ਇਕੋ ਸਮੇਂ ਪੰਜ ਆਤਮਿਕ ਸ਼ਕਤੀਆਂ ਦੇ ਬਲ ਨਾਲ, ਇਹ ਕਾਂਰਜ ਚਲਾ ਰਿਹਾ ਹੈ। ਉਨ੍ਹਾਂ ਦਾ ਸਰੀਰ ਇਕ ਖਾਸ ਵਜ੍ਹਾ ਕਰਕੇ ਇਸ ਪ੍ਰਤੱਖ ਆਕਾਰ ਵਿਚ ਹੈ, ਜਿਸਦੀ ਡੋਰ, ਪੁਤਲੀ ਵਾਂਗ, ਖ਼ੁਦ ਪਰਮਾਤਮਾ ਦੇ ਹੱਥ ਹੈ, ਜੋ ਆਪਣੀ ਮਰਜ਼ੀ ਅਨੁਸਾਰ ਇਸ ਤੋਂ ਕਾਰਜ ਕਰਵਾ ਰਿਹਾ ਹੈ।

ਇਸ ਆਸ਼ਰਮ ਵਿਚ ਆਓ, ਇਥੋਂ ਦੇ ਨਜ਼ਾਰੇ ਵੇਖੋ, ਵਾਹਿਗੁਰੂ ਦੀਆਂ ਮੇਹਰਾਂ ਹੁੰਦੀਆਂ ਦੇਖੋ, ਅਤੇ ਖ਼ੁਦ ਵੀ ਬਖ਼ਸ਼ਿਸ਼ ਪ੍ਰਾਪਤ ਕਰੋ। ਇਸ **ਮਨੁੱਖਤਾ ਦੀ ਨਾਗਰਿਕਤਾ** ਤਿਆਗ ਕੇ ਆਓ, ਜਿਹੜੀ ਕਿ ਇਸ ਵੇਲੇ ਖ਼ਤਮ ਹੋਣ ਦੇ ਕਿਨਾਰੇ ਉਤੇ ਹੈ! ਦੁਨਿਆਵੀ ਬੰਧਨਾਂ ਤੋਂ ਬੇ-ਲਾਗ ਹੋ ਕੇ **ਪਰਮਾਰਥਕ ਸੰਸਾਰ** ਦੇ ਮੈਂਬਰ ਬਣ ਜਾਓ, ਜਿਹੜੀ ਕਿ **ਪਰਲੋਂ ਤੋਂ ਬਾਅਦ ਵੀ ਜ਼ਿੰਦਾ ਰਹੇਗੀ।** $7\frac{1}{2}$ ਸਾਲ ਦੀ ਮੁਸ਼ਕਲਾਂ ਅਤੇ ਮੁਸੀਬਤਾਂ ਤੋਂ ਬਾਅਦ ਇਸ ਧਰਤੀ ਉਪਰ ਰਾਮਰਾਜ, ਜਾਂ ਖ਼ਾਲਸਾ-ਰਾਜ ਜਾਂ ਜਿਸ ਨੂੰ ਅਸੀਂ ਧਰਮਰਾਜ ਵੀ ਕਹਿ ਸਕਦੇ ਹਾਂ, ਸਥਾਪਤ ਹੋਵੇਗਾ। ਇਹ ਉਹ ਖ਼ਾਲਸਾ-ਰਾਜ ਹੋਵੇਗਾ ਜਿਹੜਾ ਕਿ ਇਸ ਸਾਰੀ ਧਰਤੀ ਉਪਰ ਰਾਜ ਕਰੇਗਾ।

ਇਹ ਉਹ **ਅਸਲੀ 'ਖ਼ਾਲਸਾ'** ਹੋਵੇਗਾ ਜਿਸ ਨੂੰ ਅਸੀਂ ਦੇਵ-ਖ਼ਾਲਸਾ ਵੀ ਕਹਿ ਸਕਦੇ ਹਾਂ। ਇਥੇ ਇਸ ਧਰਤੀ ਉਪਰ ਸਭ ਪਾਸੇ ਸ਼ਾਂਤੀ ਦਾ ਰਾਜ ਹੋਵੇਗਾ, ਸਾਰੇ ਪਾਸੇ ਵਾਹਿਗੁਰੂ ਦੀਆਂ ਬਖ਼ਸ਼ਿਸ਼ਾਂ ਨਜ਼ਰ ਆਉਣਗੀਆਂ, ਜਿਹੜੀਆਂ ਕਿ ਬਿਆਨ ਕਰਨੀਆਂ ਮੁਸਕਿਲ ਹਨ, ਅਤੇ **ਸਮਝ ਤੋਂ ਪਰੇ ਦੀਆਂ ਗੱਲਾਂ ਹਨ।** ਮੈਂ ਅਕਸਰ ਹੈਰਾਨ ਹੁੰਦਾ ਸੀ ਕਿ ਵਾਹਿਗੁਰੂ ਆਪਣੀ ਹੀ ਬਣਾਈ ਹੋਈ ਮਨੁੱਖਤਾ ਦਾ **ਨਾਸ਼** ਕਿਸ ਤਰ੍ਹਾਂ ਕਰੇਗਾ, ਅਤੇ **'ਆਪਣੇ ਲੋਕਾਂ'** ਦਾ **ਵਾਸਾ** ਇਸ ਧਰਤੀ ਉਪਰ ਕਿਸ ਤਰ੍ਹਾਂ ਕਰੇਗਾ ? ਪਰ ਹੁਣ ਮੈਂ ਸਚਮੁਚ ਇਹ ਸਾਰੀ ਤਬਦੀਲੀ ਹੁੰਦੀ ਵੇਖ ਰਿਹਾ ਹਾਂ। **'ਮਨੁੱਖਤਾ'**, ਇਸ ਵੇਲੇ ਇਕ ਸੁੱਕੇ ਹੋਏ ਦਰਖ਼ਤ ਦੀ ਤਰ੍ਹਾਂ ਹੈ, ਜਿਸ ਦੇ ਕਿਸੇ ਕਿਸੇ ਹਿੱਸੇ ਵਿਚ ਅਜੇ ਕਰੂੰਬਲਾਂ ਨਿਕਲ ਰਹੀਆਂ ਹਨ। ਇਹ ਕਰੂੰਬਲਾਂ ਜਲਦੀ ਹੀ ਪੌਦੇ ਅਤੇ ਫਿਰ ਪੌਦੇ ਤੋਂ ਦਰਖ਼ਤ ਬਣ ਜਾਣਗੀਆਂ।

ਇਸ ਸਾਰੇ ਕੁਝ ਦਾ **'ਹੁਕਮ'** ਪਰਮਾਤਮਾ ਸਾਢੇ ਸੱਤ ਸਾਲ ਦੀਆਂ ਆਫ਼ਤਾਂ ਅਤੇ ਮੁਸੀਬਤਾਂ ਤੋਂ ਬਾਅਦ ਕਰੇਗਾ।

"ਜਾਓ ਅਤੇ ਫੈਲ ਜਾਓ" **(Go and multiply)**

ਸਿਰਫ਼ ਇਹ ਹੀ ਆਦਮੀ ਜਿਉਂਦੇ ਰਹਿਣਗੇ, ਅਤੇ ਬਹੁਤ ਗੁਣਾਂ ਜ਼ਿਆਦਾ ਹੋ ਜਾਣਗੇ, ਅਤੇ ਨਵੀਂ ਸਭਿਅਤਾ ਦੇ ਜਨਮਦਾਤਾ ਬਣਨਗੇ, ਜਿਹੜੀ ਕਿ ਸ਼ੁਰੂ ਹੋਣ ਵਾਲੀ ਹੈ। ਇਥੇ **ਪਵਿੱਤਰ ਰੂਹਾਂ** ਰਹਿੰਦੀਆਂ ਹਨ, ਜਿਹੜੀਆਂ ਕਿ ਆਪਣੇ ਆਪ ਨੂੰ ਸਰਬਸ਼ਕਤੀਮਾਨ ਵਾਹਿਗੁਰੂ ਦੇ **ਹਵਾਲੇ ਕਰ ਚੁੱਕੀਆਂ ਹਨ,** ਅਤੇ ਹਵਾਲੇ ਕਰਨ ਤੋਂ ਬਾਅਦ, ਉਸ ਦਾ **ਹਿੱਸਾ ਬਣ ਚੁੱਕੀਆਂ ਹਨ।**

ਤੁਸੀਂ ਜਾਣਦੇ ਹੀ ਹੋ ਕਿ ਮੈਂ ਕਿਸ ਤਰ੍ਹਾਂ ਜ਼ੋਰਦਾਰ ਲਫ਼ਜ਼ਾਂ ਵਿਚ ਵੇਦਾਂਤ ਅਤੇ ਵੇਦਾਂਤ ਪੱਖੀਆਂ ਦੀ ਵਿਰੋਧਤਾ ਕਰਦਾ ਰਿਹਾ ਹਾਂ, ਪਰ ਇਥੇ ਮੈਂ ਮਹਿਸੂਸ ਕੀਤਾ ਹੈ ਕਿ ਮੇਰੇ ਇਹ ਵਿਚਾਰ ਗ਼ਲਤ ਸਨ, ਜਦੋਂ ਕਿ ਮੈਂ 60 ਸਾਲ ਤੋਂ ਉਪਰ ਦਾ ਹੋ ਚੁੱਕਾ ਹਾਂ, ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਸਾਰੀਆਂ ਰੂਹਾਂ ਮੂਲ ਆਤਮਾ ਦਾ ਹਿੱਸਾ ਹਨ, ਜਿਹੜਾ ਕਿ ਸਰਬਸ਼ਕਤੀਮਾਨ ਹੈ, ਜਿਸ ਤਰ੍ਹਾਂ ਤੁਲਸੀ ਦਾਸ ਜੀ ਨੇ ਆਪਣੀ ਪੁਸਤਕ 'ਰਾਮ-ਚ੍ਰਿਤ ਮਾਨਸ' ਵਿਚ ਵੀ ਲਿਖਿਆ ਹੈ :

ਈਸ਼ਵਰ ਅੰਸ਼ ਜੀਵ ਅਵਿਨਾਸ਼ੀ

ਇਥੇ ਦੇ ਲੋਕਾਂ ਨੂੰ ਦੇਖਣ ਤੋਂ ਬਾਅਦ ਇਹ ਚੀਜ਼ ਮੈਨੂੰ ਬਿਲਕੁਲ ਸਪਸ਼ਟ ਨਜ਼ਰ ਆਉਂਦੀ ਹੈ। ਇਥੇ ਉਹ ਰੂਹਾਂ ਹਨ **ਜਿਹੜੀਆਂ ਪਰਮਾਤਮਾ ਦੇ ਪਿਆਰ ਵਿਚ ਆਪਣਾ ਆਪ ਖ਼ਤਮ ਕਰ ਚੁੱਕੀਆਂ ਹਨ, ਗੁਆ ਚੁੱਕੀਆਂ ਹਨ।** ਇਥੇ **'ਸਿਰਫ਼ 'ਪਿਆਰ' ਹੈ**, ਅਤੇ **ਪਿਆਰ ਨਾਲ ਹੀ ਸਾਰਾ ਪ੍ਰਬੰਧ ਚਲ ਰਿਹਾ ਹੈ। 'ਪਿਆਰ'** ਹੀ ਇਹ ਸਾਰਾ ਕੁਝ ਚਲਾਉਣ ਲਈ **ਚਾਨਣ ਮੁਨਾਰੇ** ਦਾ ਕੰਮ ਕਰ ਰਿਹਾ ਹੈ। ਤੁਹਾਡੇ ਦਿਲਾਂ ਵਿਚ ਇਹ ਖਿਆਲ ਆਉਂਦਾ ਹੋਵੇਗਾ ਕਿ ਇਹ ਸਾਰਾ **'ਪਿਆਰ'**

ਕਿਥੋਂ ਆਉਂਦਾ ਹੈ ? ਇਸ ਸਾਰਾ ਪਿਆਰ ਇਸ ਅੰਦੋਲਨ ਦੇ ਮੋਢੀ ਕੋਲੋਂ **ਫੁਟ ਫੁਟ ਕੇ ਬਹਿ ਰਿਹਾ ਹੈ।** ਜੋ ਕੁਝ ਵੀ ਮੈਂ ਇਸ ਆਤਮਾ ਬਾਰੇ ਇਥੇ ਲਿਖਿਆ ਹੈ, ਉਹ ਮੈਂ ਅਕਾਸ਼ਕ ਰਿਕਾਰਡ ਪੜ੍ਹ ਕੇ ਹੀ ਲਿਖਿਆ ਹੈ। ਹਰ ਇਕ ਆਤਮਾ ਵਿਚ ਪਰਮਾਤਮਾ ਦੀ ਅੰਸ਼ ਹੁੰਦੀ ਹੈ, ਪਰ ਆਪਣੀ ਆਪਣੀ ਕਮਾਈ ਅਨੁਸਾਰ, ਕੁਝ ਆਤਮਾਵਾਂ ਵਾਹਿਗੁਰੂ ਦੇ ਜ਼ਿਆਦਾ ਨਜ਼ਦੀਕ ਹੁੰਦੀਆਂ ਹਨ, ਤੇ ਕੁਝ ਦੂਰ।

ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ

ਤੇ ਇਨ੍ਹਾਂ ਵਾਹਿਗੁਰੂ ਦੇ ਨਜ਼ਦੀਕ ਹੁੰਦੀਆਂ ਰੂਹਾਂ ਨੂੰ, **'ਮਨੁੱਖਤਾ ਦੇ ਸੁਧਾਰ ਲਈ** ਕੁਝ ਖ਼ਾਸ ਖ਼ਾਸ ਕੰਮ ਅਤੇ ਡਿਊਟੀਆਂ ਦੇ ਕੇ, ਵਾਹਿਗੁਰੂ ਇਨ੍ਹਾਂ ਨੂੰ ਸੰਸਾਰ ਵਿਚ ਭੇਜਦਾ ਹੈ। ਇਸ ਅੰਦੋਲਨ ਦੇ ਮੋਢੀ ਨੂੰ ਵੀ ਇਸੇ ਤਰ੍ਹਾਂ **ਇਹੋ ਜਿਹੇ ਵਿਸ਼ੇਸ਼ ਕੰਮ ਕਰਨ ਲਈ ਭੇਜਿਆ ਹੈ।**

ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਥੋਂ ਦੇ ਮੋਢੀ ਦੀ ਗੁਰਬਾਣੀ ਦੀ ਖੋਜ **ਬਹੁਤ ਜ਼ਿਆਦਾ ਡੂੰਘੀ ਅਤੇ ਅਨੁਭਵੀ ਹੈ।** ਗੁਰਬਾਣੀ ਦੀ ਅਨੁਭਵੀ ਖੋਜ ਕਰਨ ਵਾਲੇ ਵਿਰਲੇ ਹੀ ਹਨ। ਬਹੁਤੇ ਵਿਦਵਾਨ ਗੁਰਬਾਣੀ ਦੀ ਸਪਿਰਿਟ (Spirit) ਨੂੰ ਨਹੀਂ ਸਮਝ ਸਕੇ।

ਮੇਰੇ ਕੋਲ ਇਨ੍ਹਾਂ ਲੋਕਾਂ ਬਾਰੇ ਕਹਿਣ ਅਤੇ ਲਿਖਣ ਲਈ ਸ਼ਬਦ ਨਹੀਂ ਹਨ, ਕਿ ਸਹੀ ਚੀਜ਼ ਤੁਹਾਨੂੰ ਪੇਸ਼ ਕੀਤੀ ਜਾ ਸਕੇ। ਇਸ ਲਈ ਜੇ ਤੁਸੀਂ ਵੇਖਣਾ ਚਾਹੁੰਦੇ ਹੋ ਤਾਂ ਤੁਸੀਂ ਖੁਦ ਹੀ ਇਥੇ ਆ ਕੇ ਵੇਖ ਸਕਦੇ ਹੋ। ਇਹ ਥੋੜੇ ਜਿਹੇ ਲੋਕ **ਕੁਝ ਵੱਖਰੀ ਕਿਸਮ ਦੇ ਹੀ ਹਨ।**

ਭਵਿਸ਼ਬਾਣੀ ਰਾਹੀਂ ਮੈਨੂੰ ਪਤਾ ਲਗਿਆ ਹੈ ਕਿ ਆਉਣ ਵਾਲੇ ਸਾਢੇ ਸੱਤ ਸਾਲਾਂ ਦੇ ਦੁੱਖ ਕਲੇਸ਼ਾਂ ਤੋਂ ਬਾਅਦ, ਦੁਨੀਆਂ ਦੀ ਕੁਲ ਆਬਾਦੀ ਦਾ ਕੇਵਲ ਗਿਆਰ੍ਹਵਾਂ ਹਿਸਾ ਹੀ ਬਾਕੀ ਬਚੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਗਿਆਰ੍ਹਵਾਂ ਹਿੱਸਾ ਬਚੇਗਾ ਉਹ ਕਿਹੋ ਜਿਹੇ ਲੋਗ ਹੋਣਗੇ ? ਉਨ੍ਹਾਂ ਦਾ ਜੀਵਨ ਕਿਹੋ ਜਿਹਾ ਹੋਵੇਗਾ ?

ਮੈਂ ਇਹ ਖਿਆਲ ਕਰਦਾ ਹਾਂ ਕਿ ਪਰਮਾਤਮਾ ਨੇ ਬਹੁਤ ਸਾਰੀਆਂ ਪਵਿੱਤਰ ਰੂਹਾਂ ਨੂੰ ਇਸ ਧਰਤੀ ਦੇ ਵੱਖ ਵੱਖ ਹਿਸਿਆਂ ਤੇ ਖਿਲਾਰਿਆ ਹੋਇਆ ਹੈ। ਰੂਹਾਨੀਅਤ ਦੇ ਇਹ ਬੀਜ ਜੋ ਵੱਧ ਕੇ ਵੱਡੇ ਹੋ ਕੇ ਪੁੰਗਰ ਰਹੇ ਹਨ, ਤੇ 'ਚੁੰਬਕ' ਦੁਆਲੇ ਇਕੱਠੇ ਹੁੰਦੇ ਲੋਹੇ-ਚੂਨ ਵਾਂਗ, ਇਹ, ਬਾਊ ਜੀ ਦੁਆਲੇ ਇਕੱਠੇ ਹੋ ਰਹੇ ਹਨ। ਜਿਵੇਂ ਲੋਹੇ ਦੇ ਕਿਣਕਿਆਂ ਵਿਚ ਚੁੰਬਕੀ-ਗੁਣ ਆ ਜਾਂਦੇ ਹਨ, ਉਸੇ ਤਰ੍ਹਾਂ ਹੀ ਇਹ ਲੋਕ ਵੀ ਬਾਊ ਜੀ ਨਾਲ ਮਿਲ ਕੇ ਆਤਮਿਕ ਹੁਲਾਰੇ ਦਾ ਰਸ ਮਾਣਦੇ ਹਨ। ਇਹ ਸਾਰੇ ਇਨ੍ਹਾਂ ਨੂੰ ਪਿਆਰ ਨਾਲ 'ਬਾਊ ਜੀ' ਕਹਿੰਦੇ ਹਨ। 80 ਸਾਲਾਂ ਦੀ ਇਸ ਬਜ਼ੁਰਗ ਰੂਹ ਨੂੰ ਬਹੁਤ ਸਾਰੇ ਲੋਕ ਤਾਂ ਆਪਣੇ ਬਚਪਨ ਤੋਂ ਹੀ ਜਾਣਦੇ ਹਨ। ਅਜ ਤੋਂ 50 ਸਾਲ ਪਹਿਲਾਂ ਇਸ ਗੋਦ ਵਿਚ ਖੇਡੇ ਬੱਚਿਆਂ ਦੇ ਪੋਤੇ ਪੋਤੀਆਂ, ਹੁਣ ਇਸ ਗੋਦ ਵਿਚ ਆਨੰਦ ਮਾਣ ਰਹੇ ਹਨ। ਇਨ੍ਹਾਂ

ਤਿੰਨਾਂ ਪੀੜ੍ਹੀਆਂ ਦੇ ਬਜ਼ੁਰਗ, ਜਵਾਨ ਅਤੇ ਬੱਚਿਆਂ ਦੇ ਉਹ **'ਬਾਊ ਜੀ'** ਹੀ ਹਨ। ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਇਸ ਮੋਚੀ ਨੇ ਬਰਮਾਂ ਵਿਚ ਗੁਜ਼ਾਰਿਆ, ਜਿਥੇ ਉਸ ਸਮੇਂ ਇਕ ਪੜ੍ਹੇ ਲਿਖੇ ਵਿਅਕਤੀ ਨੂੰ ਸਨਮਾਨ ਵਜੋਂ 'ਬਾਬੂ ਜੀ' ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਇਨ੍ਹਾਂ ਲਈ ਵਰਤਿਆ ਇਹ ਸ਼ਬਦ, ਅੰਤ ਵਿਚ ਇਨ੍ਹਾਂ ਦਾ 'ਨਾਂ' ਹੀ ਬਣ ਗਿਆ ! ਅਜ ਵੀ ਬਹੁਤੇ ਲੋਕ ਇਨ੍ਹਾਂ ਦੇ ਨਾਂ ਤੋਂ ਨਾਵਾਕਿਫ਼ ਹਨ।

ਮੈਂ ਤੁਹਾਨੂੰ ਦਸਦਾ ਹਾਂ ਕਿ ਮੈਂ ਜਦੋਂ ਵੀ ਬਾਊ ਜੀ ਨੂੰ ਇਨ੍ਹਾਂ ਲੋਕਾਂ ਵਿਚ ਦੇਖਦਾ ਹਾਂ ਤਾਂ ਇਹ ਨਜ਼ਾਰਾ ਦੇਖਣ ਵਾਲਾ ਹੀ ਹੁੰਦਾ ਹੈ। ਇਹ ਸਾਰਾ ਕੁਝ ਦੇਖਣ ਲਈ ਤੁਹਾਨੂੰ ਦੌੜਦੇ ਆਉਣਾ ਪਵੇਗਾ ਅਤੇ ਜੇਕਰ ਤੁਸੀਂ ਇਨ੍ਹਾਂ ਨੂੰ ਥੋੜੀ ਦੂਰ ਤੋਂ ਦੇਖੋਗੇ ਤਾਂ ਤੁਸੀਂ ਵੀ ਆਪਣੇ ਆਪ ਹੀ **ਇਸ 'ਸੰਗਤ'** ਵਲ ਖਿਚੇ ਜਾਵੋਗੇ। ਅੰਤ ਵਿਚ ਹੌਲੀ ਹੌਲੀ ਜਿਸ ਤਰ੍ਹਾਂ ਪਾਣੀ ਦਾ ਇਕ ਤੁਪਕਾ ਦਰਿਆ ਵਿਚ ਆਪਣਾ 'ਆਪਾ' ਗੁਆ ਦਿੰਦਾ ਹੈ, ਇਸੇ ਤਰ੍ਹਾਂ ਤੁਸੀਂ ਵੀ ਆਪਣਾ 'ਆਪਾ' ਭੁਲ ਜਾਵੋਗੇ। ਫਿਰ ਇਸ ਤੋਂ ਬਾਅਦ ਤੁਸੀਂ ਉਹ ਪੁਰਾਣੇ ਵਿਅਕਤੀ ਨਹੀਂ ਰਹੋਗੇ, ਸਗੋਂ ਇਕ **'ਨਵ-ਜਨਮੇ' ਇਨਸਾਨ** ਬਣ ਜਾਵੋਗੇ, ਜਿਹੜੇ ਕਿ ਹੌਲੀ ਹੌਲੀ **ਮੂਲ ਆਤਮਾ ਵਲ ਖਿਚੇ ਜਾ ਰਹੇ ਹੋਵੋਗੇ।** ਇਕ ਵਾਰੀ ਤੁਸੀਂ ਇਸ **ਨਾ-ਦਿਖਣ ਵਾਲੀ ਰੇਖਾ** ਦੇ ਅੰਦਰ ਆ ਗਏ ਤਾਂ ਤੁਸੀਂ ਖੁਸ਼ੀਆਂ ਤੇ ਬਖ਼ਸ਼ਿਸ਼ਾਂ ਨਾਲ ਭਰਪੂਰ ਹੋ ਜਾਵੋਗੇ, ਜਿਥੇ ਤੁਹਾਨੂੰ **ਸਾਰਿਆਂ ਤੋਂ ਪਿਆਰ ਮਿਲੇਗਾ ਤੇ ਤੁਸੀਂ ਵੀ ਸਭ ਨੂੰ ਪਿਆਰ ਵੰਡੋਗੇ।** ਇਸ ਤੋਂ ਬਾਅਦ ਤੁਸੀਂ ਦਾਣਿਆਂ ਦੇ ਢੇਰ ਵਿਚ ਪਏ ਦਾਣੇ ਵਾਂਗ, ਢੇਰ ਦਾ ਇਕ ਹਿੱਸਾ ਵੀ ਹੋਵੋਗੇ, ਤੇ ਇਕ ਵਖਰੇ ਦਾਣੇ ਦੀ ਹੋਂਦ ਵੀ ਰਖੋਗੇ !

ਮੈਂ ਸ਼ਬਦਾਂ ਰਾਹੀਂ ਸਾਰਾ ਕੁਝ ਬਿਆਨ ਕਰਨ ਵਿਚ ਅਸਮਰਥ ਹਾਂ। ਜੇ ਤੁਸੀਂ ਸਹੀ ਸਹੀ ਦ੍ਰਿਸ਼ ਦੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਥੇ ਆਉਣਾ ਪਵੇਗਾ। ਇਥੇ ਆ ਕੇ ਤੁਸੀਂ **ਪਿਆਰ ਵਿਚ ਆਵੋਗੇ, ਫਿਰ ਰੋਸ਼ਨੀ ਵਿਚ ਆਵੋਗੇ** ਤੇ ਅੰਤ **ਸਚਾਈ ਵਿਚ ਆ ਜਾਵੋਗੇ।** ਇਸ ਤਰ੍ਹਾਂ ਤੁਸੀਂ **ਪਿਆਰ, ਰੋਸ਼ਨੀ ਅਤੇ ਸਚਾਈ ਦੇ ਤਿੰਨਾਂ ਹੀ ਲੋਕਾਂ** (Holy trinity) **ਵਿਚ ਵਿਚਰੋਂਗੇ।**

ਮੈਂ ਜਦੋਂ ਬਾਊ ਜੀ ਦੇ ਕਮਰੇ ਵਿਚ ਹੁੰਦਾ ਹਾਂ ਅਤੇ ਆਮ ਤੌਰ ਤੇ ਉਨ੍ਹਾਂ ਦੇ ਦੁਆਲੇ ਇਕੱਠ ਵੇਖਦਾ ਹਾਂ, ਤਾਂ ਮੈਂ ਖੁਸ਼ੀ ਨਾਲ ਮੁਸਕਰਾਉਂਦਾ ਹਾਂ ਅਤੇ ਬਹੁਤ ਹੀ ਜ਼ਿਆਦਾ ਖੁਸ਼ ਹੁੰਦਾ ਹਾਂ। ਇਸ ਕਿਸਮ ਦੀ ਇਲਾਹੀ ਖੁਸ਼ੀ ਨਾ ਮੈਂ ਦੁਨੀਆਂ ਵਿਚ ਕਿਤੇ ਦੇਖੀ ਹੈ, ਅਤੇ ਨਾ ਹੀ ਮਾਣੀ ਹੈ। ਮੈਂ ਇਥੇ ਇਹ ਸਾਰਾ ਕੁਝ ਦੇਖਦਾ ਰਹਿੰਦਾ ਹਾਂ ਅਤੇ ਸਮਝਦਾ ਰਹਿੰਦਾ ਹਾਂ।

ਮੈਂ ਬਾਹਰਲੀਆਂ ਚੀਜ਼ਾਂ ਦੇਖਣ ਦੀ ਸ਼ਕਤੀ ਅਤੇ ਆਪਣਾ ਵਿਅਕਤੀਤਵ ਕਾਇਮ ਰਖਦਾਂ ਹਾਂ। ਸਿਰਫ਼ ਇਹੀ ਕਾਰਨ ਹੈ ਕਿ ਮੈਂ ਸਭ ਕੁਝ ਦੇਖ ਸਕਦਾ ਹਾਂ, ਸਮਝ ਸਕਦਾ ਹਾਂ, ਬਜਾਏ ਇਨ੍ਹਾਂ ਦੇ, ਜਿਹੜੇ ਕਿ ਆਉਂਦੇ ਹਨ ਅਤੇ ਆ ਕੇ ਆਪਣਾ 'ਆਪ' ਬਿਲਕੁਲ

ਹੀ ਖੋ ਬਹਿੰਦੇ ਹਨ। ਇਥੇ ਸਾਰੇ ਖਾਮੋਸ਼ੀ ਹੁੰਦੀ ਹੈ। ਇਹ **ਖਾਮੋਸ਼ੀ ਹੀ ਸਭ ਕੁਝ ਬੋਲ ਰਹੀ ਹੁੰਦੀ ਹੈ।** ਜਿਹੜੀ ਵੀ ਆਵਾਜ਼ ਤੁਸੀਂ ਸੁਣ ਰਹੇ ਹੁੰਦੇ ਹੋ ਉਹ ਸਿਰਫ਼ ਖ਼ਮੋਸ਼ੀ ਦੀ ਹੀ ਆਵਾਜ਼ ਹੁੰਦੀ ਹੈ। ਤੁਸੀਂ ਇਥੇ ਲਫਜ਼ ਬੋਲੇ ਜਾਂਦੇ ਨਹੀਂ ਸੁਣ ਸਕਦੇ, ਇਹ **'ਚੁੱਪ' ਦੀ ਆਵਾਜ਼ ਹੀ ਹੁੰਦੀ ਹੈ**, ਜਿਹੜੀ ਵਾਹਿਗੁਰੂ ਕੋਲ ਜਾ ਕੇ, ਵਾਪਸ ਆ ਕੇ, ਬੋਲ ਰਹੀ ਹੁੰਦੀ ਹੈ, ਅਤੇ ਸਾਰੇ ਵਾਯੂਮੰਡਲ ਵਿਚ ਫੈਲੀ ਹੋਈ ਹੁੰਦੀ ਹੈ।

ਕਦੇ ਕਦੇ ਜਦੋਂ ਮੈਂ ਸਮਾਧੀ ਵਿਚ ਜੁੜਦਾ ਹਾਂ, ਅਤੇ ਬਾਊ ਜੀ ਨੂੰ ਚੁੱਪ-ਚਾਪ ਆਪਣੇ ਸਤ-ਸੰਗੀਆਂ ਵਿਚ ਚੁਪ ਦੇਖਦਾ ਹਾਂ, ਤਾਂ ਇਹ **'ਚੁੱਪ'** ਬਹੁਤ ਤੀਖ਼ਣ ਹੁੰਦੀ ਹੈ। ਸਮਾਧੀ ਵਿਚ **ਇਹ 'ਚੁੱਪ' ਜਿਊਂਦੀ ਬਣ ਜਾਂਦੀ ਹੈ।** ਇਸ ਦੀਆਂ ਤਰੰਗਾਂ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਮਾਧੀ ਵਿਚ ਮੈਂ ਹੋਰ ਡੂੰਘਾ ਚਲਿਆ ਜਾਂਦਾ ਹਾਂ ਤਾਂ, ਮੈਂ ਇਸ 'ਚੁੱਪ' ਦੇ ਬਿਲਕੁਲ ਨਜ਼ਦੀਕ ਪਹੁੰਚ ਜਾਂਦਾ ਹਾਂ, ਤਾ ਮੈਂ ਇਸ 'ਚੁੱਪ' ਨੂੰ **'ਗਰਜਦੀ' ਸੁਣਦਾ ਹਾਂ।** ਇਸ **ਗਰਜ'** ਨਾਲ ਮੈਂ ਹੈਰਾਨ ਹੋ ਜਾਂਦਾ ਹਾਂ। ਮੈਂ ਤੁਹਾਨੂੰ ਦਸਦਾ ਹਾਂ ਕਿ ਇਸ **'ਚੁੱਪ'** ਵਿਚ **ਬਹੁਤ ਜ਼ਿਆਦਾ 'ਗਰਜ' ਹੁੰਦੀ ਹੈ।** ਇਸ ਗਰਜ ਨੂੰ ਸੁਣਨ ਲਈ ਤੁਹਾਨੂੰ ਦੈਵੀ 'ਕੰਨ' ਚਾਹੀਦੇ ਹਨ। ਇਥੇ ਉਹ ਹੀ ਆਵੇ, ਜਿਸ ਦੇ ਸੁਣਨ ਲਈ **ਐਸੇ 'ਕੰਨ' ਹਨ।**

ਸਾਢੇ ਸੱਤ ਸਾਲ ਦੇ ਭਿਆਨਕ ਅਤੇ ਔਕੜਾਂ ਦੇ ਸਮੇਂ ਦੇ ਦੌਰਾਨ ਹੀ, ਇਸ ਜੰਗਲੀ ਅਤੇ ਭੈੜੇ ਸੰਸਾਰ ਦਾ ਬਹੁਤ ਵੱਡਾ ਹਿੱਸਾ, ਬੇਕਾਰ ਅਤੇ ਖ਼ਤਮ ਹੋ ਜਾਵੇਗਾ।

ਸਿਰਫ਼ ਉਹ ਹੀ ਆਦਮੀ ਜਿਉਂਦੇ ਰਹਿਣਗੇ ਜਿਨ੍ਹਾਂ ਦਾ ਮਨ ਪਰਮਾਤਮਾ ਨਾਲ ਜੁੜ ਚੁੱਕਿਆ ਹੋਵੇਗਾ, ਅਤੇ **ਜਿਨ੍ਹਾਂ ਦੇ 'ਕੰਨ' ਚੁਪ ਦੀ ਗਰਜ ਸੁਣ ਸਕਦੇ ਹੋਣਗੇ।**

ਅਸਲ ਵਿਚ ਸਾਢੇ ਸੱਤ ਸਾਲ ਦੇ ਪਰਲੋਂ ਦੇ ਸਮੇਂ ਤੋਂ ਬਾਅਦ ਤੁਹਾਡਾ ਪੁਨਰ ਸੁਰਜੀਤੀ, ਪੁਨਰ ਜਨਮ, ਅਤੇ ਪੁਨਰ ਵਿਕਾਸ ਦਾ, ਅਰਥਾਤ ਅਸਲੀ ਕ੍ਰਾਂਤੀ ਦਾ, ਸਮਾਂ ਆਵੇਗਾ। ਤੇ ਇਸ ਸਮੇਂ ਤਕ ਸਾਢੇ ਸਤ ਸਾਲ ਦੇ ਇਸ ਪਰਲੋਂ ਦੇ ਸਮੇਂ ਤੋਂ ਬਚਣ ਲਈ—ਕੋਈ ਵੀ ਰੂਹਾਨੀ ਸਟੇਸ਼ਨ ਜਾਂ ਸਬ-ਸਟੇਸ਼ਨ ਲਭ ਲਵੋ, **ਜਿਸ ਦੇ ਦਰ** ਉਸ ਸਰਬ-ਸ਼ਕਤੀਮਾਨ ਦੇ ਆਸਰੇ ਵਲ ਖੁਲ੍ਹੇ ਹੋਣ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਮੈਂ ਕਿਸੇ ਵੀ ਅਜਿਹੇ ਸਟੇਸ਼ਨ ਬਾਰੇ ਜਾਣਦਾ ਹਾਂ ?

ਹਾਂ ! ਇਨ੍ਹਾਂ ਵਿਚੋਂ ਸਿਰਫ਼ ਮੈਂ ਇਕ ਹੀ ਸਟੇਸ਼ਨ ਨੂੰ ਜਾਣਦਾ ਹਾਂ, ਜਿਸ ਬਾਰੇ ਤੁਹਾਨੂੰ ਮੈਂ ਦਸ ਰਿਹਾ ਹਾਂ। ਇਸ ਗੱਲ ਦਾ ਬਿਲਕੁਲ ਯਕੀਨ ਰਖੋ ਕਿ ਜਦੋਂ ਮੈਨੂੰ ਕਿਸੇ ਹੋਰ ਸਟੇਸ਼ਨ ਦਾ ਪਤਾ ਲਗਿਆ ਤਾਂ ਮੈਂ ਤੁਹਾਨੂੰ ਜ਼ਰੂਰ ਦਸਾਂਗਾ। ਤੁਸੀਂ ਇਹ ਵੀ ਜਾਣਨਾ ਚਾਹੁੰਦੇ ਹੋਵੋਗੇ ਕਿ ਇਥੇ ਇਹ ਸਾਰਾ ਕੁਝ ਕਿਸ ਤਰ੍ਹਾਂ ਹੋ ਰਿਹਾ ਹੈ। **'ਬ੍ਰਹਮ 'ਬੁੰਗੇ'** ਦਾ ਵਾਤਾਵਰਨ ਹੀ ਅਧਿਆਤਮਕ ਹੈ, ਜਿਹੜੇ ਵੀ ਲੋਕ ਇਥੇ ਆ ਜਾਂਦੇ ਹਨ, ਉਨ੍ਹਾਂ ਤੇ ਆਮ ਕਰਕੇ ਤੇ ਉਨ੍ਹਾਂ ਵਿਚੋਂ ਕੁਝ ਕੁ, ਤੇ ਖ਼ਾਸ ਕਰਕੇ (ਉਨ੍ਹਾਂ ਦੇ ਆਪਣੇ ਆਪਣੇ ਪੂਰਬਲੇ ਕਰਮਾਂ ਅਨੁਸਾਰ), ਅਸਰ ਹੋ ਜਾਂਦਾ ਹੈ, ਚਾਹੇ ਉਹ ਸਪੰਜ ਦੀ ਤਰ੍ਹਾਂ ਨਰਮ

ਹੋਣ ਤੇ ਭਾਵੇਂ ਪੱਥਰ ਦੀ ਤਰ੍ਹਾਂ ਸਖ਼ਤ ਹੋਣ, ਪਰ **ਅਸਰ ਤੋਂ ਬਿਨਾਂ ਕੋਈ ਵੀ ਬਚ ਨਹੀਂ ਸਕਦਾ।**

ਉਹ ਸਾਰੇ ਵਿਅਕਤੀ, ਜਿਹੜੇ ਇਸ ਦੇ ਘੇਰੇ ਵਿਚ ਆ ਜਾਂਦੇ ਹਨ, ਉਹ ਇਸ ਵਾਤਾਵਰਨ ਵਿਚੋਂ **ਆਤਮਿਕ ਪਿਆਰ ਦੀਆਂ ਕਿਰਨਾਂ, ਤਰੰਗਾਂ ਦੇ ਰੂਪ ਵਿਚ ਲੈਂਦੇ ਹਨ।** ਇਹ **ਆਤਮਿਕ ਪਿਆਰ ਦੀਆਂ ਕਿਰਨਾਂ ਲੈਣ ਪਿਛੋਂ**, ਇਨ੍ਹਾਂ ਲੋਕਾਂ ਵਿਚ ਵੀ **ਉਹੋ ਜਿਹੇ ਗੁਣ ਆਉਣੇ ਸ਼ੁਰੂ ਹੋ ਜਾਂਦੇ ਹਨ।** ਇਥੋਂ ਦੇ ਮੋਢੀ ਦੀ ਪਵਿੱਤਰ ਆਤਮਾ ਲੋਕਾਂ ਦੇ ਜੀਵਨ ਉਤੇ **ਬਹੁਤ ਵੱਡਾ ਕੁਦਰਤੀ ਅਸਰ ਕਰਦੀ ਹੈ।** ਇਸ ਤਰ੍ਹਾਂ 'ਚਾਰਜ' ਹੋਈਆਂ ਰੂਹਾਂ, ਆਪਣੇ ਆਲੇ ਦੁਆਲੇ ਨੂੰ ਵੀ **'ਚਾਰਜ' ਕਰ ਦਿੰਦੀਆਂ ਹਨ।** ਫਿਰ ਇਹ ਵਸਤੂ ਉਨ੍ਹਾਂ ਦਾ ਸਰਮਾਇਆ ਬਣ ਜਾਂਦੀ ਹੈ। ਇਹ ਰੂਹ ਫਿਰ ਇਕ **'ਚਾਰਜਰ'** ਦੀ ਤਰ੍ਹਾਂ ਪ੍ਰਭਾਵ ਪਾਉਂਦੀ ਹੈ। ਫਿਰ ਜਿਹੜਾ ਵੀ ਵਿਅਕਤੀ ਉਸ ਦੇ ਸੰਪਰਕ ਵਿਚ ਆਉਂਦਾ ਹੈ, ਉਹ ਉਸ ਨੂੰ **ਚਾਰਜ ਕਰਨ ਦੇ ਕਾਬਲ ਬਣ ਜਾਂਦੀ ਹੈ।** ਮੈਂ ਤੁਹਾਨੂੰ ਦਸਦਾ ਹਾਂ ਕਿ **'ਦੋਦੜਾ-ਲਹਿਰ' ਦੇ ਆਦਮੀ ਦੀ** ਮੈਂ ਬਹੁਤ ਜਲਦੀ ਬੱਸ-ਸਟੈਂਡ ਜਾਂ ਰੇਲਵੇ ਸਟੇਸ਼ਨ ਤੇ **ਪਛਾਣ ਕਰ ਸਕਦਾ ਹਾਂ।** ਕਿਉਂਕਿ ਉਸ ਦੇ **ਸਰੀਰ ਵਿਚੋਂ ਸੂਖਮ ਤਰੰਗਾਂ ਨਿਕਲ ਰਹੀਆਂ ਹੁੰਦੀਆਂ ਹਨ,** ਅਤੇ **ਅੱਖਾਂ ਵਿਚ ਅਜੀਬ ਕਿਸਮ ਦੀ ਚਮਕ ਅਤੇ ਖੁਸ਼ੀ ਹੁੰਦੀ ਹੈ।** ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਹ ਇਕ **ਸਵੈ-ਚਾਲਕ** ਕਾਰਖ਼ਾਨੇ ਦੀ ਤਰ੍ਹਾਂ ਹੈ, ਜਿਹੜੀ ਕਿ **'ਗੁਪਤ-ਚੁੱਪ'** ਦੀ ਸ਼ਕਤੀ ਦੁਆਰਾ, ਇਸ ਆਸ਼ਰਮ ਵਿਚ ਚਲ ਰਿਹਾ ਹੈ। ਇਥੇ ਜਿਹੜੀ ਚੀਜ਼ **ਦਿਸਦੀ ਨਹੀਂ,** ਉਹ **ਦਿਸਣ ਲਗ ਜਾਂਦੀ ਹੈ।** ਇਥੇ ਤੁਸੀਂ ਹਰ ਵਕਤ, ਹਰ ਪਲ **ਰੱਬੀ ਪਿਆਰ ਦੀ ਖ਼ੁਸ਼ਬੂ** ਮਹਿਸੂਸ **ਕਰੋਗੇ।** ਇਥੇ ਵਾਹਿਗੁਰੂ ਦੇ ਲੋਕਾਂ ਨਾਲ, **ਜਿਹੜੇ ਕਿ ਪਿਆਰ ਵਿਚ ਗੜੂੰਦ ਹੋਏ ਹਨ,** ਕੋਈ ਵੀ ਹੋਰ ਆ ਕੇ ਮਿਲ ਸਕਦਾ ਹੈ। ਇਥੋਂ ਦਾ ਦਰ ਹਰ ਇਕ ਲਈ ਹਮੇਸ਼ਾਂ ਖੁਲ੍ਹਾ ਹੈ।

ਤੁਹਾਡੇ ਵਿਚੋਂ ਕੁਝ ਮੈਨੂੰ ਆਖਣਗੇ ਕਿ ਇਹ ਇਸ ਤਰ੍ਹਾਂ ਕਿਉਂ ਹੈ। ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਇਕ ਵਾਰ ਇਥੇ ਆਓ, ਅਤੇ ਇਹ ਸਾਰਾ ਕੁਝ ਆਪਣੇ ਆਪ ਵੇਖੋ। ਇਥੇ ਅੰਤਰ ਹਿਰਦੇ ਤੇ **ਬਹੁਤ ਜਲਦੀ ਅਸਰ ਹੁੰਦਾ ਹੈ।** ਇਸ ਅਸਰ ਤੋਂ ਬਾਅਦ ਜਦੋਂ ਅੰਦਰੂਨੀ ਤੌਰ ਤੇ ਪਰਮਾਤਮਾ ਦੇ ਚੰਗੇ ਬੰਦੇ ਬਣ ਜਾਂਦੇ ਹਨ, ਫਿਰ ਉਹ ਸਾਰੇ ਪਰਮਾਤਮਾ ਕੋਲ ਅਰਦਾਸ ਕਰਦੇ ਹਨ, ਅਤੇ ਸਰਬੱਤ ਦਾ ਭਲਾ ਮੰਗਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੀ ਹੋਰ ਕੋਈ ਕਲਪਨਾ ਨਹੀਂ, ਜਿਹੜੀ ਕਿ ਇਨ੍ਹਾਂ ਦੇ ਦਿਲਾਂ ਵਿਚ ਹਿਲਜੁਲ ਪੈਦਾ ਕਰੇ।

ਇਹ ਸਾਰੇ ਹਮੇਸ਼ਾਂ ਹੀ ਆਪਣੀਆਂ ਬੇਨਤੀਆਂ, ਅਰਦਾਸਾਂ, ਸਰਬੱਤ ਦੇ ਭਲੇ ਵਾਸਤੇ ਪਰਮਾਤਮਾ ਕੋਲ ਕਰਦੇ ਰਹਿੰਦੇ ਹਨ। ਇਨ੍ਹਾਂ ਦੀਆਂ ਇਹ ਅਰਦਾਸਾਂ ਬਹੁਤ ਤੇਜ਼ੀ ਨਾਲ ਸਰਬਸ਼ਕਤੀਮਾਨ ਪਰਮਾਤਮਾ ਨਾਲ ਜਾ ਟਕਰਾਉਂਦੀਆਂ ਹਨ, ਅਤੇ ਕੁਦਰਤ ਦੇ ਅੰਦਰੂਨੀ 'ਐਕਸ਼ਨ ਅਤੇ ਰਿਐਕਸ਼ਨ' ਸਿਧਾਂਤ ਦੀ ਤਰ੍ਹਾਂ, **'ਗੂੰਜ' ਰਾਹੀਂ** ਭੇਜਣ ਵਾਲੇ ਕੋਲ ਵਾਪਸ

ਆ ਜਾਂਦੀਆਂ ਹਨ । ਜਦੋਂ ਇਹ ਵਾਪਸ ਆਉਂਦੀਆਂ ਹਨ ਤਾਂ **ਕਈ ਗੁਣਾਂ ਹੋ ਜਾਂਦੀਆਂ ਹਨ**. ਤੇ ਇਹ **'ਅੰਮ੍ਰਿਤ-ਵਰਸ਼ਾ'** ਜਾਂ **'ਇਲਾਹੀ ਮੀਂਹ'** ਜਾਂ **'ਅਬਰੇ ਰਹਿਮਤ'** ਬਣ ਕੇ, ਸਾਰਿਆਂ ਉਪਰ ਇਸ ਧਰਤੀ ਤੇ ਵਰਸਦੀਆਂ ਹਨ ।

ਇਹ ਸਰਬੱਤ ਦੇ ਭਲੇ ਲਈ ਅਰਦਾਸ, ਆਮ ਤੌਰ ਤੇ ਘਰਾਂ ਅਤੇ ਗੁਰਦਵਾਰਿਆਂ ਵਿਚ ਰਿਵਾਜ ਦੀ ਤਰ੍ਹਾਂ ਉਪਰਲੇ ਮਨ ਨਾਲ ਕੀਤੀ ਜਾਂਦੀ ਹੈ, ਪਰ ਇਥੇ ਇਹ **ਬਿਲਕੁਲ ਅੰਤ੍ਰੀਵ ਆਤਮੇ ਦੀ ਆਵਾਜ਼ ਨਾਲ ਕੀਤੀ ਜਾਂਦੀ ਹੈ ।** ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦਸਿਆ ਹੈ ਕਿ ਇਹ ਭਾਫ਼ ਦੀ ਤਰ੍ਹਾਂ, ਉਪਰ ਨੂੰ ਜਾਂਦੀ ਹੈ ਅਤੇ ਫਿਰ ਕਈ ਗੁਣਾਂ ਹੋ ਕੇ **ਸਵਰਗਾਂ ਦਾ ਮੀਂਹ ਬਣ ਕੇ ਥਲੇ ਆਉਂਦੀ ਹੈ ।** ਪਰਮਾਤਮਾ ਤੋਂ ਹੋ ਕੇ ਜਦੋਂ ਵਾਪਸ ਆਉਂਦੀ ਹੈ, ਤਾਂ ਇਹ **ਇਲਾਹੀ ਰੰਗ ਵਿਚ ਰੰਗੀ ਹੋਈ ਹੁੰਦੀ ਹੈ**, ਅਤੇ ਪਰਮਾਤਮਾ ਖੁਦ ਇਸ ਦੇ **ਜ਼ੱਰੇ ਜ਼ੱਰੇ ਵਿਚ ਸਮਾਇਆ ਹੁੰਦਾ ਹੈ ।** ਮੈਂ ਫਿਰ ਤੁਹਾਨੂੰ ਦੁਬਾਰਾ ਦਸ ਦੇਵਾਂ, ਇਹ **ਅਸਲੀ 'ਅੰਮ੍ਰਿਤ-ਵਰਸ਼ਾ' ਹੁੰਦੀ ਹੈ ।** ਪਰਮਾਤਮਾ ਵਲੋਂ ਵਰਸਾਈ ਇਸ **'ਅਬਰੇ-ਰਹਿਮਤ'** ਨੂੰ ਜੋ ਕੋਈ ਵੀ ਲੈਂਦਾ ਹੈ, ਉਹ ਫਿਰ **ਇਸ ਦੇ ਆਸਰੇ ਹੀ ਜਿਉਂਦਾ ਹੈ**; ਅਤੇ ਇਸ ਦੇ ਆਸਰੇ ਹੀ ਰਹਿੰਦਾ ਹੈ । ਫਿਰ ਉਸ ਦਾ **ਜੀਵਨ ਦਾ ਉਦੇਸ਼** 'ਕਰ ਭਲਾ ਹੋ ਭਲਾ' **ਹੋ ਜਾਂਦਾ ਹੈ**, ਅਤੇ ਇਸ ਆਸਰੇ ਹੀ ਉਹ ਸਾਰੀ ਜ਼ਿੰਦਗੀ, ਜਿਉਂਦਾ ਹੈ । ਹਰ ਇਕ ਨੂੰ **ਸੱਚੇ ਦਿਲੋਂ ਪਿਆਰ ਕਰਨਾ ਤੇ ਸਰਬੱਤ ਦੇ ਭਲੇ ਲਈ ਅਰਦਾਸਾਂ ਕਰਨ ਵਾਲਾ ਜੀਵਨ, ਜਿਉਂ ਸਕਣ ਦੇ ਸਮਰਥ ਹੋਣਾ** ਹੀ, **ਉਨ੍ਹਾਂ ਦੀ ਕਮਾਈ ਹੈ ।** ਇਹ ਹੀ ਉਨ੍ਹਾਂ ਦੀ **ਜ਼ਿੰਦਗੀ ਦਾ ਵਿਹਾਰ ਬਣ ਚੁਕਿਆ ਹੈ**. ਤੇ ਇਸੇ ਦਾ ਹੀ ਉਹ **ਲੈਣ-ਦੇਣ ਕਰਦੇ ਹਨ ।** ਜਦੋਂ ਇਹ ਦੌਲਤ ਜਨਮ ਲੈ ਲੈਂਦੀ ਹੈ ਤਾਂ ਫਿਰ ਇਹ ਹੀ ਉਨ੍ਹਾਂ ਦੇ ਸਰੀਰ ਦੀ ਖ਼ੁਰਾਕ, ਮਨ ਦੀ ਖ਼ੁਰਾਕ; ਅਤੇ ਆਤਮਾ ਦੀ ਖ਼ੁਰਾਕ ਬਣ ਜਾਂਦੀ ਹੈ; ਜੋ ਕਦੇ ਘਟਦੀ ਨਹੀਂ ਹਮੇਸ਼ਾ ਵੱਧਦੀ ਹੀ ਵਧਦੀ ਜਾਂਦੀ ਹੈ ਇਹ ਹੀ **ਅਮੀਰ ਆਦਮੀ ਹਨ, ਅਸਲੀ ਅਮੀਰ ।**

ਹੁਣ ਪਿਆਰਿਓ, ਮੈਂ ਇਸ ਨੂੰ ਖ਼ਤਮ ਕਰਦਾ ਹੋਇਆ ਤੁਹਾਨੂੰ ਇਕੱਲੇ, ਇਕੱਲੇ ਨੂੰ ਅਤੇ ਸਾਰਿਆਂ ਨੂੰ, ਇਕੱਠਿਆਂ ਉਤਸ਼ਾਹ ਲੈਣ ਲਈ, ਅਤੇ ਤਜਰਬੇ ਲਈ, **ਇਸ ਜਗ੍ਹਾ ਆਉਣ ਲਈ ਪ੍ਰੇਰਦਾ ਹਾਂ ।** ਤੁਸੀਂ ਉਥੇ ਜਾਓ; ਤੇ ਉਥੇ **ਵਾਪਰ ਰਹੇ ਅਧਿਆਤਮਿਕ ਨਜ਼ਾਰਿਆਂ ਨੂੰ ਮਾਣੋ**, ਤੇ ਇਨ੍ਹਾਂ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦੀ ਕੋਸ਼ਿਸ਼ ਕਰੋ । **ਇਨ੍ਹਾਂ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਪ੍ਰਾਪਤ ਕਰਨ ਤੋਂ ਬਾਅਦ, ਤੁਸੀਂ ਜ਼ਿੰਦਗੀ ਦੇ ਹਰ ਪਹਿਲੂ ਵਿਚ ਜੇਤੂ ਹੋਵੋਗੇ ।**

ਜਿਹੜੇ ਵੀ ਪਾਠਕ ਤੁਹਾਡੇ ਵਿਚੋਂ ਇਥੇ ਜਾਣ ਵਿਚ ਕਾਮਯਾਬ ਹੋਣ ਅਤੇ ਇਸ **ਭਾਈ-ਚਾਰੇ ਵਿਚ ਕੁਝ ਚਿਰ ਰਹਿਣ**, ਉਹ ਆਪਣੇ ਵਿਚਾਰ ਅਤੇ ਉਨ੍ਹਾਂ ਤੇ **ਇਥੋਂ ਦਾ ਅਸਰ ਬਾਰੇ ਮੈਨੂੰ** ਜ਼ਰੂਰ ਲਿਖ ਭੇਜਣਾ ਅਸੀਂ ਆਪਣੀਆਂ ਲਿਖਤਾਂ ਇਕ ਦੂਜੇ ਨਾਲ ਸਾਂਝੀਆਂ ਕਰਾਂਗੇ ।

ਪਿਆਰਿਓ ਬਹੁਤ ਬਹੁਤ ਪਿਆਰ ।

ਅੰਦਰੂਨੀ ਤੌਰ ਤੇ ਹਮੇਸ਼ਾਂ ਲਈ ਤੁਹਾਡਾ

15. 12. 82. **ਯੋਗੇਸ਼ਵਰ**

ਮਈ 1983—ਪਹਿਲੀ ਵਾਰ—500 ਕਾਪੀਆਂ

ਜੂਨ 1985—ਦੂਜੀ ਵਾਰ—5000 ਕਾਪੀਆਂ

ਚਾਹਵਾਨ ਸੱਜਣ ਇਹ ਲੇਖ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :—

ਪ੍ਰਕਾਸ਼ਕ : ਸੈਕਟਰੀ, 'ਬ੍ਰਹਮ ਬੁੰਗਾਂ ਟ੍ਰਸਟ ਦੋਦੜਾ'; ਪਿੰਡ ਦੋਦੜਾ, ਡਾਕਖਾਨਾ ਬਛੋਆਣਾ, (ਬਰਾਸਤਾ ਬੁਢਲਾਡਾ) ਜ਼ਿਲਾ ਬਠਿੰਡਾ (ਪੰਜਾਬ)।

ਛਾਪਕ : ਫ਼ੋਰ ਸਟਾਰ ਪ੍ਰਿੰਟਰਜ਼, ਸਰਹੰਦੀ ਗੇਟ, ਪਟਿਆਲਾ।